ਮਾਸਕ ਪੱਤਰ

੧ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਕਤਲਗੜ੍ਹ ਚਮਕੌਰ ਸਾਹਿਬ

DEC 1993



ਦਸੰਬਰ ੧੯੯੩

www.AKJ.Org

# ਤ ਤ ਕ ਰਾ


| | | |
|---|---|---|
| ਪੋਖਿ ਤੁਖਾਰੁ ਪੜੈ | ੩ | ਤੁਖਾਰੀ ਬਾਰਹਮਾਹਾ ਮ: ੧ |
| – – ਅਰਥ ਵਿਆਖਿਆ | ੪ | – – |
| ਗੁਰ ਸਬਦ ਸੁਨਤ ਪਹਿਚਾਨੈ ਸਿਖ | ੫ | ਭਾ: ਸਾ: ਭਾਈ ਗੁਰਦਾਸ ਜੀ |
| ਚਹੁੰਆਂ ਜੁਗਾਂ ਦਾ ਨਿਬੇੜਾ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਧੁਰ ਕੀ ਬਾਣੀ ਆਈ' (ਕਵਿਤਾ) | ੯ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਅੰਮ੍ਰਿਤ ਨਾਮ ਸੁਣਨ ਉਚਾਰਣ ਦੇ ੨੦ ਫਲ | ੧੦ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਤੇਗ ਬਹਾਦਰ ਕੇ ਚਲਤ | ੧੧ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰ ਮੂਰਤਿ ਗੁਰ ਸਬਦੁ ਹੈ | ੧੫ | ਭਾਈ ਨਰੈਣ ਸਿੰਘ ਜੀ ਐਮ.ਏ. |
| ਭਾਈ ਫੇਰੂ ਜੀ | ੧੬ | ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੇ ਤੱਥ (੬-ਅ) | ੨੩ | ਕੈਪਟਿਨ ਸਵਰਨ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨੧) | ੨੭ | – – – |
| ਕਥਿ ਕਥਿ ਬਾਦੁ ਕਰੇ ਦੁਖੁ ਹੋਈ | ੩੧ | ਪ੍ਰਿੰਸੀਪਲ ਕੁਲਦੀਪ ਸਿੰਘ ਜੀ |
| ਗੁਰ ਬਿਨੁ ਘੋਰ ਅੰਧਾਰ | ੩੩ | ਸੂਬੇਦਾਰ ਧਰਮ ਸਿੰਘ ਜੀ |
| ਅਮਰ ਸ਼ਹੀਦ ਦਸਮੇਸ਼ ਦੁਲਾਰੇ (ਕਵਿਤਾ) | ੩੭ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਪਟਨਾ ਗੁਰੂ ਕਾ ਘਰੁ ਹੈ | ੩੮ | ਪ੍ਰੋਫ਼ੈਸਰ ਸ਼ਮਸ਼ੇਰ ਸਿੰਘ ਜੀ |
| ਸਦਾ ਯਾਦ ਰਖੋ | ੪੧ | ਸਿਖ ਮਿਸ਼ਨਰੀ ਕਾਲਜ |
| ਗੁਰ-ਸ਼ਬਦ ਕਾ ਅਤੁੱਟ ਲੰਗਰ (ਕਵਿਤਾ) | ੪੩ | ਭਾਈ ਅਮਰੀਕ ਸਿੰਘ ਜੀ |
| ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ (ਕਵਿਤਾ) | ੪੪ | ਮਾਤਾ ਹਰਬੰਸ ਕੌਰ ਜੀ |
| ਮਿਹਰਾਂ ਦਾ ਮੀਂਹ ਵਰਸਾ ਦਿਓ ਦਾਤਾ ,, | ੪੪ | ਸ: ਸੁਰਜੀਤ ਸਿੰਘ ਜੀ ਸਾਜ਼ਨ |
| ਏਕਤਾ ਦੀ ਕੁੰਜੀ ਸੁਹਿਰਦਤਾ | ੪੫ | ਸੰਪਾਦਕ |
| ਗੁਰਸਿੱਖੀ ਨੂੰ ਵੱਟਾ ਲਾਉਣ ਵਾਲੇ ਸਿਖ | ੫੧ | ਇਕ ਪਾਠਕ, ਅਨੰਦਪੁਰ ਸਾਹਿਬ |


## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ

੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੫. ਜ਼ਿਲਾ ਸੰਗਰੂਰ—(ੳ) ਸ: ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ

(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ

੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਸ਼ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੮-੧੨-੯੩ ਨੂੰ ਪ੍ਰਕਾਸ਼ਤ ਕੀਤਾ



www.AKJ.Org

# ਸੂਰਾ

ੴ ਸਤਿਗੁਰ ਪ੍ਰਸਾਦਿ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੫੦-੦੦

ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

**ਅਖੰਡ ਕੀਰਤਨ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੭ ਦਸੰਬਰ ੧੯੯੩ ਅੰਕ ੧੨


## ਪੋਖਿ ਤੁਖਾਰੁ ਪੜੈ

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥

[ਤੁਖਾਰੀ ਬਾਰਹਮਾਹਾ ਮਹਲਾ ੧]

ਪੋਖਿ—ਪੋਹ ਮਹੀਨੇ ਵਿਚ। ਤੁਖਾਰੁ—ਠੰਢ, ਪਾਲਾ, ਬਰਫ਼। ਵਣੁ—ਬ੍ਰਿਛ। ਤ੍ਰਿਣੁ—ਘਾਹ ਫੂਸ। ਰਸੁ—ਨਮੀ, ਤਰਾਵਟ। ਸੋਖੈ—ਸੁਕ ਜਾਂਦਾ ਹੈ। ਮਨਿ ਤਨਿ ਮੁਖੇ—ਮਨ ਵਿਚ ਤਨ ਵਿਚ ਮੁਖ ਵਿਚ। ਵਸਹਿ—ਤੂੰ ਵਸਦਾ। ਰਵਿ ਰਹਿਆ—ਵਸ ਰਿਹਾ। ਜਗ ਜੀਵਨੁ—ਜਗਤ ਦਾ ਜੀਵਨ, ਪ੍ਰਤਿਪਾਲਣ ਹਾਰ ਪ੍ਰਭੂ। ਗੁਰ ਸਬਦੀ—ਗੁਰ ਸ਼ਬਦ (ਨਾਮ-ਗੁਰ-ਮੰਤਰ) ਦੁਆਰਾ। ਅੰਡਜ ਜੇਰਜ ਸੇਤਜ ਉਤਭੁਜ—ਅੰਡਿਆਂ ਤੋਂ, ਜੇਰ ਤੋਂ, ਪਸੀਨੇ ਤੋਂ ਅਤੇ ਧਰਤੀ ਤੋਂ ਪੈਦਾ ਹੋਣ ਵਾਲੇ ਚਾਰੇ ਖਾਣੀਆਂ ਦੇ ਜੀਵ। ਘਟਿ ਘਟਿ—ਹਰੇਕ ਜੀਵ ਅੰਦਰ। ਦਇਆਪਤਿ—ਦਇਆ ਦੇ ਭੰਡਾਰ। ਗਤਿ—ਉਚੀ ਆਤਮ ਅਵਸਥਾ। ਮਤਿ—ਸੋਝੀ। ਰੰਗਿ—ਰੰਗ ਵਿਚ। ਰਵੈ—ਉਚਾਰਦਾ ਹੈ। ਸਨੇਹੋ—ਸਨੇਹੁ, ਪਿਆਰ।

# ਅਰਥ ਵਿਆਖਿਆ

**ਅਰਥ** :

ਪੋਹ ਮਹੀਨੇ ਵਿਚ ਸਖ਼ਤ ਠੰਢ ਪੈਂਦੀ ਹੈ, ਜਿਸ ਨਾਲ ਬ੍ਰਿਛ, ਘਾਹ-ਫੂਸ ਅਤੇ ਉਨ੍ਹਾਂ ਦੇ ਅੰਦਰ ਦੀ ਤਰੀ ਸੁਕ ਜਾਂਦੀ ਹੈ। (ਇਸੇ ਤਰ੍ਹਾਂ ਮਾਇਆ-ਗ੍ਰਸੇ ਜੀਵ ਅੰਦਰ ਪ੍ਰਭੂ-ਯਾਦ ਦਾ ਨਿਘ ਨਾ ਹੋਣ ਕਾਰਨ ਕੋਰਾਪਣ ਵਰਤ ਜਾਂਦਾ ਹੈ, ਜਿਸ ਕਾਰਨ ਉਸ ਦੇ ਅੰਦਰ ਖੇੜੇ-ਵਿਗਾਸ ਦੀ ਤਰਾਵਟ ਨਹੀਂ ਰਹਿੰਦੀ)। (ਹੇ ਵਾਹਿਗੁਰੂ) ਤੂੰ ਮੇਰੇ ਮਨ ਵਿਚ, ਤਨ ਵਿਚ ਤੇ ਮੁਖ ਵਿਚ ਆ ਕੇ ਕਿਉਂ ਨਹੀਂ ਵਸ ਜਾਂਦਾ ? (ਤਾਂ ਜੁ ਮੇਰੇ ਅੰਦਰ ਕੋਰਾਪਣ ਨਾ ਆ ਵਸੇ)।

(ਜਿਹੜਾ ਵਡਭਾਗੀ ਪ੍ਰਾਣੀ) ਗੁਰ-ਸ਼ਬਦ (ਸਤਿਗੁਰੂ ਤੋਂ ਪ੍ਰਾਪਤ ਨਾਮ-ਗੁਰ-ਮੰਤਰ) ਦੁਆਰਾ ਨਾਮ-ਰੰਗ ਮਾਣਦਾ ਹੈ, ਉਸ ਦੇ ਮਨ ਵਿਚ ਤਨ ਵਿਚ ਜਗਤ ਦਾ ਜੀਵਾਲਣਹਾਰ ਪ੍ਰਭੂ (ਤਾਣੇ ਪੇਟੇ ਵਾਂਗ ਰਮਿਆ ਹੋਇਆ) ਵਸ ਰਿਹਾ ਹੁੰਦਾ ਹੈ ਅਤੇ ਉਸ ਨੂੰ ਚਾਰੇ ਖਾਣੀਆਂ ਦੇ ਜੀਆਂ-ਜੰਤਾਂ ਅੰਦਰ ਪ੍ਰਭੂ ਦੀ ਜੋਤਿ ਸਮਾਈ ਹੋਈ (ਪਰਤੱਖ ਦਿਸਦੀ) ਹੈ।

ਹੇ ਦਇਆ ਦੇ ਭੰਡਾਰ ਦਾਤਾਰ ਪ੍ਰਭੂ ਜੀਉ ! ਮੈਨੂੰ ਵੀ ਆਪਣਾ ਦਰਸ਼ਨ ਦਿਓ ਜੀ ਅਤੇ (ਸਤਿਗੁਰੂ ਰਾਹੀਂ ਗੁਰਮਤਿ ਨਾਮ ਦੀ) ਸੋਝੀ ਬਖਸ਼ੋ ਜੀ, ਤਾਕਿ ਮੈਂ ਵੀ ਉਚੀ ਆਤਮ-ਅਵਸਥਾ ਨੂੰ ਪ੍ਰਾਪਤ ਹੋ ਸਕਾਂ।

ਅੰਤ ਵਿਚ 'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਜਿਹੜਾ ਨਾਮ-ਰਸ ਦਾ ਰਸੀਆ ਹੈ ਅਤੇ ਜਿਸ ਦਾ ਪ੍ਰੀਤਮ-ਪ੍ਰਭੂ ਨਾਲ ਜਿਗਰੀ ਪ੍ਰੇਮ-ਪਿਆਰ ਹੈ, ਉਹ ਨਾਮ-ਸਿਮਰਨ ਨੂੰ ਅਨੂਠੇ ਰੰਗ ਵਿਚ, ਅੰਮ੍ਰਿਤ-ਰਸ ਭੁੰਚਣ ਵਿਚ ਲੀਨ ਹੋ ਕੇ ਉਚਾਰਦਾ ਹੈ। (ਇਉਂ ਉਸ ਦੇ ਅੰਦਰ ਮਾਇਆ ਦੇ ਕੋਰੇਪਣ ਦੀ ਥਾਂ ਨਾਮ ਦਾ ਨਿਘ ਤੇ ਖੇੜਾ ਖਿੜਿਆ ਰਹਿੰਦਾ ਹੈ)।

**ਵਿਆਖਿਆ** :

ਸਤਿਗੁਰੂ ਨਾਨਕ ਦੇਵ ਜੀ ਪੋਹ ਮਹੀਨੇ ਦੁਆਰਾ ਪ੍ਰਾਣੀ ਮਾਤ੍ਰ ਨੂੰ ਉਪਦੇਸ਼ ਕਰਦੇ ਹਨ ਕਿ ਇਸ ਮਹੀਨੇ ਵਿਚ ਜਦ ਅਤਿ ਦਰਜੇ ਦੀ ਠੰਢ ਪੈਂਦੀ ਹੈ ਤਾਂ ਬ੍ਰਿਛਾਂ ਬੂਟਿਆਂ ਅਤੇ ਸਾਰੀ ਹਰਿਆਵਲੀ ਵਿਚੋਂ ਰਸ ਮੁਕ ਜਾਂਦਾ ਹੈ, ਤੇ ਸੋਕਾ ਜਿਹਾ ਛਾ ਜਾਂਦਾ ਹੈ। ਇਸੇ ਤਰ੍ਹਾਂ ਮਾਇਆ ਮੋਹ ਵਿਚ ਫਸੇ ਪ੍ਰਾਣੀਆਂ ਅੰਦਰ ਨਾਮ ਦਾ ਨਿਘ ਨਹੀਂ ਹੁੰਦਾ, ਸਗੋਂ ਧੰਧਿਆਂ ਤੇ ਸੰਕਲਪਾਂ ਵਿਕੱਲਪਾਂ ਦੇ ਕਾਰਨ ਕੋਰਾਪਣ ਛਾਇਆ ਹੁੰਦਾ ਹੈ, ਦੁਖਾਂ ਸੁਖਾਂ ਵਿਚ ਫਸੇ ਜੀਵਾਂ ਉਤੇ ਸੋਕਾ ਵਰਤਿਆ ਹੁੰਦਾ ਹੈ, ਉਹ ਸਦਾ ਕੁਮਲਾਏ ਜਿਹੇ ਰਹਿੰਦੇ ਹਨ। ਖੇੜਾ ਵਿਗਾਸ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ।

ਪਰ ਜਿਹੜੇ ਪ੍ਰਾਣੀ ਸਤਿਗੁਰੂ ਦੇ ਬਖਸ਼ੇ ਗੁਰ-ਸ਼ਬਦ (ਨਾਮ ਗੁਰ-ਮੰਤਰ) ਦੁਆਰਾ ਉਸ ਪ੍ਰਭੂ ਨਾਲ ਜੁੜੇ ਰਹਿੰਦੇ ਹਨ ਜੋ ਸਾਰੇ ਸੰਸਾਰ ਨੂੰ ਜੀਵਨ-ਦਾਤਿ ਬਖਸ਼ਦਾ ਹੈ, ਉਨ੍ਹਾਂ ਪ੍ਰਾਣੀਆਂ ਦੇ ਮਨ ਤਨ ਪ੍ਰਭੂ-ਰੰਗ ਵਿਚ ਰੰਗੀਜੇ ਰਹਿੰਦੇ ਹਨ, ਉਨ੍ਹਾਂ ਨੂੰ ਸਭ ਜੀਵਾਂ ਜੰਤੂਆਂ ਵਿਚ ਪ੍ਰਭੂ ਦੀ ਜੋਤਿ ਸਮਾਈ ਦਿਸਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹਮਾਹ ਮਾਂਝ ਵਿਚ ਦਸਦੇ ਹਨ ਕਿ ਅਜਿਹੇ ਨਾਮ-ਰੰਗ-ਰਤੇ ਪ੍ਰਾਣੀਆਂ ਨੂੰ ਨਾਮ-ਸਿਮਰਨ ਰੂਪੀ ਖੰਡੇ ਦੀ ਖੜਕਾਹਟ ਦੇ ਨਿਘ ਕਾਰਨ, ਪੋਹ ਮਹੀਨੇ ਦੀ ਠੰਢ ਜਾਂ ਬਰਫ ਪੋਂਹਦੀ ਹੀ ਨਹੀਂ। ਉਨ੍ਹਾਂ ਦਾ ਹਿਰਦਾ ਪ੍ਰਭੂ-ਦਰਸ਼ਨਾਂ ਦੀ ਅਗੰਮੀ ਜੋਤੀ ਨਾਲ ਸਰਸ਼ਾਦ ਹੁੰਦਾ ਅਤੇ ਇਕ ਇਕ ਸੁਆਸ ਸਤਿਗੁਰੂ ਦੇ ਚਰਨਾਂ ਵਿਚ ਨਾਮ ਸਿਮਰਨ ਦੁਆਰਾ ਜੁੜਿਆ ਹੁੰਦਾ ਹੈ। ਫੁਰਮਾਨ ਹੈ–

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥੧੧॥ (ਪੰਨਾ ੧੩੫)

ਜਿਹੜੇ ਨਾਮ ਦੇ ਰਸੀਏ ਨਾਮ-ਰੰਗ ਵਿਚ ਰੰਗੀਜੇ ਪ੍ਰਭੂ-ਦਰਸ਼ਨ ਦੀ ਤਾਂਘ ਵਿਚ, ਨਾਮ ਨਾਲ ਓਤਿ ਪੋਤਿ ਹੁੰਦੇ


www.AKJ.Org

ਹਨ ਉਹ ਕਕਰ ਜਾਂ ਪਾਲੇ ਨੂੰ ਕੁਝ ਸਮਝਦੇ ਹੀ ਨਹੀਂ, ਸਗੋਂ (ਗੁਰੂ) ਅਮਰ ਦਾਸ ਜੀ ਵਾਂਗ ਗੁਰ-ਸੇਵਾ ਨਿਭਾਣ ਖ਼ਾਤਰ ਸਿਆਲੇ ਦੇ ਠੱਕੇ ਅਤੇ ਝਖੜ-ਹਨੇਰੀਆਂ ਨੂੰ ਲਤਾੜ ਜਾਂਦੇ ਹਨ। ਜਿਵੇਂ ਗੁਰਬਾਣੀ ਫ਼ੁਰਮਾਂਦੀ ਹੈ--

ਝਖੜੁ ਝਾਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨਾਮ-ਰਸੀਆਂ ਨੂੰ ਪ੍ਰਭੂ-ਪ੍ਰੀਤਮ ਨਾਲ ਸੱਚਾ ਪ੍ਰੇਮ-ਪਿਆਰ ਹੁੰਦਾ ਹੈ ਉਨ੍ਹਾਂ ਨੂੰ ਹੋਰ ਕੁਝ ਚੰਗਾ ਹੀ ਨਹੀਂ ਲਗਦਾ, ਉਹ ਸਦਾ ਅੰਮ੍ਰਿਤ-ਨਾਮ ਨੂੰ ਭੂੰਚਦੇ, ਉਸ ਦੇ ਰਸ ਵਿਚ ਨਿਮਗਨ ਹੋਏ, ਨਾਮ-ਰੰਗ ਵਿਚ ਹੀ ਰੰਗੀਜੇ ਰਹਿੰਦੇ ਹਨ। ਪੰਜਵੇਂ ਸਤਿਗੁਰੂ ਜੀ ਦਾ ਕਥਨ ਹੈ—

ਰਤੇ ਰੰਗ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥੧੦॥ (ਪੰਨਾ ੧੦੯੭)

ਅਤੇ, ਗੁਰੂ ਰਾਮਦਾਸ ਜੀ ਇਸ ਪ੍ਰੇਮ-ਦਸ਼ਾ ਦਾ ਜ਼ਿਕਰ ਇਉਂ ਕਰਦੇ ਹਨ—

ਜਿਨਾ ਗੁਰਮੁਖਿ ਅੰਦਰਿ ਨੇਹੁ, ਤੈ ਪ੍ਰੀਤਮ ਸਚੈ ਲਾਇਆ ॥
ਰਾਤੀ ਅਤੈ ਡੇਹ, ਨਾਨਕ ਪ੍ਰੇਮਿ ਸਮਾਇਆ ॥੯॥ (ਪੰਨਾ ੧੪੨੦)

ਫਿਰ ਸਤਿਗੁਰੂ ਜੀ ਜਾਚਨਾ ਕਰਦੇ ਹਨ ਕਿ ਹੇ ਦਿਆਲੂ ਦਾਤਾਰ ਪਿਤਾ ਜੀਉ! ਸਾਨੂੰ ਆਪਣਾ ਦਰਸ਼ਨ ਬਖਸ਼ੋ ਤਾ ਜੁ ਉਚੇ ਆਤਮਕ ਆਨੰਦ ਨੂੰ ਮਾਣ ਸਕੀਏ--

ਸਗਲ ਗੁਣਾ ਕੇ ਦਾਤੇ ਸੁਆਮੀ, ਬਿਨਉ ਸੁਨਉ ਇਕ ਦੀਨਾ ॥
ਦੇਹੁ ਦਰਸੁ ਨਾਨਕ ਬਲਿਹਾਰੀ, ਜੀਅੜਾ ਬਲਿ ਬਲਿ ਕੀਨਾ ॥੧॥

ਤੁਖਾਰੀ ਛੰਤ ਮ: ੫, ਪੰਨਾ ੧੧੧੭

ਅਤੇ-- ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥
ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥ (੩੮੯)

ਇਉਂ ਦਾਤੇ ਸਤਿਗੁਰੂ ਤੋਂ ਦਰਸ਼ਨ ਦੀ ਤੇ ਨਾਮ ਦੀ ਜਾਚਨਾ ਕਰਦੇ ਹੋਏ, ਪੋਹ ਮਹੀਨੇ ਵਿਚ ਉਸ ਨੂੰ ਮਨ ਤੇ ਤਨ ਵਿਚ ਵਸਾਉਣ ਦਾ ਉਪਦੇਸ਼ ਦੇਂਦੇ ਹਨ।

---

## ਗੁਰ ਸਬਦ ਸੁਨਤ ਪਹਿਚਾਨੈ ਸਿਖ

(੧) ਜੈਸੇ ਅਨੁਚਰ ਨਰਪਤਿ ਕੀ ਪਛਾਨੈਂ ਭਾਖਾ, ਬੋਲਤ ਬਚਨ ਖਿਨ ਬੂਝੈ ਬਿਨ ਦੇਖ ਹੀ ॥
(੨) ਜੈਸੇ ਜੋਹਰੀ ਪਰਖ ਜਾਨਤ ਹੈ ਰਤਨ ਕੀ, ਦੇਖਤ ਹੀ ਕਹੈ ਖਰੋ ਖੋਟੋ ਰੂਪ ਰੇਖ ਹੀ ॥
(੩) ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ, ਰਾਖੀਐ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ ॥
(੪) ਤੈਸੇਂ ਗੁਰ ਸਬਦ ਸੁਨਤ ਪਹਿਚਾਨੈ ਸਿਖ, ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ ॥੫੭੦॥

[ਕਬਿਤ ਸਵਯੇ ਭਾਈ ਗੁਰਦਾਸ ਜੀ

(੧) ਜਿਵੇਂ ਰਾਜੇ ਦੇ ਪਿਛੇ ਤੁਰਨ ਵਾਲਾ ਨੌਕਰ (ਅਨੁਚਰ) ਰਾਜੇ ਦੀ ਬੋਲੀ ਪਛਾਣਦਾ ਹੈ ਅਤੇ ਵੇਖੇ ਬਿਨਾਂ ਹੀ (ਰਾਜੇ ਦੇ) ਬੋਲੇ ਬਚਨ ਝਟ ਪਛਾਣ ਲੈਂਦਾ ਹੈ।

(੨) ਜਿਵੇਂ ਜੌਹਰੀ ਰਤਨਾਂ ਦੀ ਪਰਖ ਕਰਨੀ ਜਾਣਦਾ ਹੈ ਅਤੇ ਉਨ੍ਹਾਂ ਦੀ ਰੂਪ-ਰੇਖਾ ਵੇਖਦਿਆਂ ਹੀ ਦਸ ਦਿੰਦਾ ਹੈ ਕਿ ਖਰਾ ਹੈ ਜਾਂ ਖੋਟਾ।

(੩) ਜਿਵੇਂ ਹੰਸ ਦੁੱਧ ਤੇ ਪਾਣੀ ਦਾ ਨਿਰਣਾ ਕਰ ਜਾਣਦਾ ਹੈ। (ਉਸ ਦੇ ਸਾਹਮਣੇ ਦੁੱਧ ਤੇ ਪਾਣੀ) ਮਿਲਾ ਕੇ ਰਖ ਦੇਈਏ ਤਾਂ ਉਹ ਅਸਲ (ਪਾਣੀ ਤੇ ਦੁੱਧ) ਨੂੰ ਵਖ ਵਖ ਕਰ ਦਿੰਦਾ ਹੈ। (ਸਰੇਖ—ਖ਼ਾਲਿਸ, ਅਸਲ)।

(੪) ਇਸੇ ਤਰ੍ਹਾਂ ਗੁਰਸਿਖ ਗੁਰ-ਸ਼ਬਦ ਗੁਰਬਾਣੀ ਨੂੰ ਸੁਣ ਕੇ ਪਛਾਣ ਲੈਂਦਾ ਹੈ ਅਤੇ ਕਿਸੇ ਹੋਰ ਦੀ ਰਚੀ ਹੋਈ ਬਾਣੀ ਨੂੰ ਕਿਸੇ ਲੇਖੇ ਵਿਚ ਹੀ ਨਹੀਂ ਗਿਣਦਾ।



www.AKJ.Org

# ਚਹੁੰਆਂ ਜੁਗਾਂ ਦਾ ਨਿਬੇੜਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤੁ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥

[ਬਿਲਾਵਲੁ ਮ: ੩, ਪੰਨਾ ੭੯੭-੯੮

ਵਿਆਖਿਆ—ਸਿਰਜਨਹਾਰ ਕਰਤਾਰ ਸ੍ਰਿਸ਼ਟੀ ਰਚਨਹਾਰ ਕਰਤੇ ਪੁਰਖ ਨੇ ਪੂਰੇ ਸਰਬੱਗ ਪੁਰਖ ਨਿਰੰਕਾਰ ਨੇ ਸ੍ਰਿਸ਼ਟੀ-ਰਚਨਾ ਦਾ ਪੂਰਾ ਹੀ ਠਾਟ ਬਣਾਉ ਬਣਾਇਆ ਹੈ। ਦੇਖਣ ਵਾਲੀ ਅਚਰਜ ਗੱਲ ਇਹ ਹੈ ਕਿ ਸਭ ਇਕ-ਸਮਾਨ ਹੀ ਥਾਟ ਥਟਿਆ ਹੋਇਆ ਹੈ।

"ਪੂਰੇ ਕਾ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥੩੩॥ (ਪੰਨਾ ੧੪੧੨)

ਗੁਰੂ ਪੂਰੇ ਨੇ ਰਚਨਾ ਰਚਨ ਵਿਚਿ ਕਿਤੇ ਘਾਟ ਵਾਧ ਨਹੀਂ ਕੀਤੀ, ਇਕ-ਸਮਾਨ ਹੀ ਰਚਨਾ ਰਚੀ ਹੈ। ਇਹ ਰਚਿਆ ਹੋਇਆ ਸਾਰਾ ਸੰਸਾਰ ਪੰਜਾਂ ਤੱਤਾਂ ਦੀ ਹੀ ਰਚੀ ਪਰਪੰਚ-ਰਚਨਾ ਹੈ। ਸਾਰੇ ਸੰਸਾਰੀ ਪੁਰਸ਼ ਪੰਚ-ਤੱਤਕੀ ਪੰਜ-ਭੂਤਕੀ ਕਰਮ ਕਰਦੇ ਹਨ। ਪਰ ਇਸ ਪਰਪੰਚ ਸੰਸਾਰ ਵਿਚਿ ਵਡਿਆਈ ਹੈ ਤਾਂ ਸਾਚੇ ਨਾਮ ਨਿਰਬਾਣੀ ਕਰਮ ਕਮਾਈਆਂ ਕਰਨਹਾਰਿਆਂ ਦੀ ਹੈ। ਹੋਰ ਕਿਸੇ ਕਰਮ ਦੀ, ਕਿਸੇ ਆਨ ਕਰਮ ਕਰਨਹਾਰੇ ਦੀ ਵਡਿਆਈ ਨਹੀਂ। ਮਤੇ ਕੋਈ ਆਨ ਪਰਪੰਚ-ਕਰਮੀ ਆਪਣੇ ਪਰਪੰਚ-ਕਰਮ ਦੀ ਵਡਿਆਈ ਲਈ ਫਿਰੇ ਤੇ ਕਰਮ-ਵਡਿਆਈ ਦਾ ਅਭਿਮਾਨ ਕਰੀ ਫਿਰੇ, ਅਭਿਮਾਨ ਕਰ ਕੇ ਆਪਣੇ ਹਿਰਦੇ ਅੰਦਰਿ ਧਰੀ ਫਿਰੇ। ਜੇ ਕੋਈ ਕਿਸੇ ਹੋਰ ਆਪਣੇ ਕੀਤੇ ਕਰਮਾਂ ਦਾ ਅਭਿਮਾਨ ਆਪਣੇ ਮਨ ਵਿਚ ਕਰਦਾ ਹੈ, ਉਸ ਦਾ ਐਸਾ ਕਰਨਾ ਬਿਰਥਾ ਹੈ। ਬਿਰਥਾ ਹੀ ਨਹੀਂ, ਮਹਾਂ ਮੂਰਖਤਾ ਭਰਿਆ ਗੁਮਾਨ ਹੈ। ਤ੍ਰਿਤੀਏਸ ਗੁਰੂ ਨਾਨਕ ਅਮਰੇਸ਼ ਨੇ ਮੋਹਰ ਲਾ ਦਿਤੀ ਹੈ ਕਿ ਪਰਪੰਚ-ਰਚਨਾ ਦੇ ਪਰਪੰਚੀ ਲੋਕਾਂ ਦੇ ਪਰਪੰਚ ਕਰਮਾਂ ਦੀ ਕੋਈ ਵਡਿਆਈ ਨਹੀਂ। ਇਸ ਪਰਪੰਚ ਵਿਖੇ ਵਡਿਆਈ ਹੈ ਤਾਂ ਸਾਚੇ ਨਾਮ, ਨਿਰਬਾਣੀ ਨਾਮ ਕਰਮ ਅਭਿਆਸ ਦੀ ਹੈ। ਆਨ ਪਰਪੰਚ-ਕਰਮੀ ਆਪੋ ਆਪਣੇ ਕਰਮਾਂ ਧਰਮਾਂ ਦਾ ਫ਼ਜ਼ੂਲ ਮਾਨ ਗੁਮਾਨ ਕਰੀ ਫਿਰਦੇ ਹਨ।

ਸਤਿਗੁਰੂ ਦੀ ਜਿਸ ਨੂੰ ਸੱਚੀ ਸੁਮਤਿ ਗੁਰਮਤਿ ਮਤਿ ਆਉਂਦੀ ਹੈ, ਉਹ ਸੱਚੇ ਸਤਿਗੁਰੂ ਤੋਂ ਗੁਰ-ਦੀਖਿਆ ਲੈ ਕੇ, ਉਸ ਗੁਰ-ਦੀਖਿਆ ਅਨੁਸਾਰੀ ਕਰਮ ਕਮਾਈਆਂ ਕਰਦਾ ਹੈ ਅਤੇ ਇਹ ਕਰਮ ਕਮਾਈਆਂ ਕਰਦਾ ਕਰਦਾ ਸਤਿਗੁਰੂ ਦੇ ਸਰੂਪ ਵਿਖੇ ਸਮਾ ਜਾਂਦਾ ਹੈ। ਇਹ ਕਰਮ ਕਮਾਈ ਸੱਚੇ ਨਾਮ ਦੀ ਹੀ ਹੈ, ਜੋ ਗੁਰ-ਦੀਖਿਆ ਗੁਰਮੰਤ੍ਰ ਦੁਆਰਾ ਸਤਿਗੁਰੂ ਦੇ ਦੁਆਰਿਓਂ ਗੁਰਸਿੱਖਾਂ ਗੁਰਮੁਖ ਜਨਾਂ ਨੂੰ ਪ੍ਰਾਪਤਿ ਹੁੰਦੀ ਹੈ। ਜਿਸ ਨਾਮ ਅਭਿਆਸ-ਮਈ ਕਰਮ-ਕਮਾਈ ਨੂੰ ਕਰਿ ਕਰਿ ਉਕਤ ਗੁਰਮੁਖ ਜਨ 'ਪੰਚ ਪਰਵਾਣ ਪੰਚ ਪਰਧਾਨੁ' ਗੁਰੂ ਵਰ ਦਰ ਨੀਸ਼ਾਨੇ ਹੋ ਜਾਂਦੇ ਹਨ। ਜੋ ਸਤਿਗੁਰੂ ਦੀ ਉਪਦੇਸ਼-ਦੀਖਿਆ ਰੂਪੀ ਬਾਣੀ ਨੂੰ ਮਨੋਂ ਤਨੋਂ ਹਿਤੋਂ ਚਿਤੋਂ



www.AKJ.Org

ਜਿਗਰੋਂ ਸਤਿ ਜਾਣ ਕੇ ਮੰਨਦਾ ਹੈ ਤਿਸ ਗੁਰਮੁਖ ਜਨ ਦੇ ਹੀ ਹਿਰਦੇ ਅੰਦਰਿ, ਅੰਤਰਿ ਆਤਮੇ, ਰਗੋ ਰੇਸ਼ੇ ਅੰਦਰਿ, ਰੋਮ ਰੋਮ ਵਿਚ ਸੱਚੜਾ ਨਾਮ ਦ੍ਰਿੜ੍ਹਤਾ ਸਹਿਤ ਪਰਵੇਸ਼ ਹੋ ਜਾਂਦਾ ਹੈ। ਓਹੀ ਜਨ ਜੁਟ ਕੇ ਤੇ ਟੁਟ ਕੇ ਨਾਮ ਅਭਿਆਸ ਕਮਾਈਆਂ ਕਰਦਾ ਹੈ। ਏਸੇ ਪਰਧਾਨ ਕਰਮ ਦੁਆਰਾ ਹੀ ਨਿਸਤਾਰਾ ਪਾਰ-ਉਤਾਰਾ ਹੈ। ਇਹੀ ਨਾਮ ਅਭਿਆਸ ਰੂਪੀ ਸੱਚੜਾ ਪਰਧਾਨ ਕਰਮ ਹੀ ਸਫਲ-ਫਲ਼ਾਰਾ ਹੈ।

ਗੁਰਮਤਿ ਨਾਮ ਦੀ ਇਸ ਪਰਧਾਨਤਾ (ਫ਼ਜ਼ੀਲਤ) ਦਾ ਤੱਤ ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ ਦੇਖੇ ਕਰਮਾਂ ਦੇ ਗੁੱਰਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਹਰ ਫ਼ਰਦੇ ਬਸ਼ਰ (ਪ੍ਰਾਣੀ ਮਾਤਰ) ਲਈ ਬਰਕਤਾਂ ਦਾ ਖ਼ਜ਼ਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੀ ਹੈ। ਨਾਮ-ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ-ਪਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰਿ ਜੈ ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪ੍ਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ ਬਾਸਰ ਜਪ ਕੇ, ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂ ਤੇ ਚਹੁੰਆਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤ੍ਹਾ ਮਿਲਣ ਦੀ ਹੈ। ਮਲੇਛ ਰਾਜ ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਸ ਕਰਕੇ ਖ਼ਾਲਸਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ ਹੈ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੂੰ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿੱਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ। ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। **ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ।** ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ।† "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ

† ਪੁਰਾਣੀਆਂ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ—ਮਲੇਛ ਖਾਲਸਾ ਹੋਸੀ ਨਾਸ ॥ ਸੰਤ ਖਾਲਸਾ ਹੋਸੀ ਪ੍ਰਕਾਸ ॥


www.AKJ.Org

ਮਹਿ ਸੋ ਕਹੀਅਤ ਹੈ ਸੂਰਾ''* ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖ ਜਨ ਖਾਲਸਾ ਜਨ ਕੌਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ, ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚਹੁੰਆਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ। ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂੰ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੂਰਮੱਤ ਪਰਧਾਨ ਸਪਿਰਿਟ ਦੇ ਤਾਣ। ਖਾਲਸਈ ਸਪਿਰਿਟ-ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ, ਸਪਿਰਿਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥੨੨॥

[ਗਉੜੀ ਸੁਖਮਨੀ ਮ: ੫, ਪੰਨਾ ੨੯੩

ਸਪਿਰਿਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡਾ ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਇ ਵਾਲਾ ਹਲੇਮੀ ਰਾਜ ਵਰਤ ਜਾਵੇ, ਜਾਂ ਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇ ਤੋਂ ਹੀਣ ਹੀਜੜੀ ਸਰਕਾਰ ਦੀ ਗ਼ੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਿਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖਾਰਜ ਹੋ ਜਾਣਗੇ। ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ ਦਾ' ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਯਰਕਈ ਸਿੱਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗ਼ੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਣਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊ-ਨਿਸਟ ਦਸਣ ਦੀ ਕੁਹਜੀ ਕਰਤੂਤ ਕੀਤੀ ਤੇ ਉਲਟੀ ਖ਼ੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖ਼ਰੂ ਹੋਈਆਂ। ਸਾਨੂੰ ਮੁਸੱਰਤ (ਖ਼ੁਸ਼ੀ) ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀਆਂ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸ਼ਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਿਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚਹੁੰਆਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ-ਫੜੱਤੀ ਆਸਾਰ ਹਨ। ਚਹੁੰਆਂ ਜੁਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ, ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ।

*ਧਨਾਸਰੀ ਮਹਲਾ ੫, ਪੰਨਾ ੬੭੯



www.AKJ.Org

ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗੰਤਰੀ ਘੁੰਮਣ ਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰ ਮੇਹਰ ਨਾਲਿ ਹੁਣ ਦੇ ਨਿਆਉਂ ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ। 'ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ" ਦਾ ਧੁਰਿ ਧੁਰੰਦਰੀ ਉਚਰਿਆ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਾਰ ਲਈ ਹੈ। ਹਰੇਕ ਪਿਛਲੇ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ" ਪਿਛਲੇ ਜੁਗਾਂ ਸਤਿਜੁਗ ਤ੍ਰੇਤਾ ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਤਿਹਾਂ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹੀ ਹੋਣਾ ਹੈ, ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤ ਕਰਮ ਕਰਿ ਕਰਿ ਥਕ ਲੈਣ। "ਕਲਿ ਮਹਿ ਕੀਰਤਿ ਹਰਿ ਨਾਮਾ ॥" ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ। ['ਗੁਰਮਤਿ ਕਰਮ ਫਿਲਾਸਫੀ' ਪੁਸਤਕ ਵਿਚੋਂ]

# 'ਧੁਰ ਕੀ ਬਾਣੀ ਆਈ'

ਇਹ ਗੁਰੂ ਰੂਪ ਗੁਰਬਾਣੀ ਹੈ ਅਰਸ਼ਾਂ ਉੱਤੋਂ ਆਈ ॥
ਇਹ ਪੂਰਨ ਪਾਵਨ ਹਿਰਦਿਓਂ ਹੈ ਗੰਗਧਾਰ ਪ੍ਰਗਟਾਈ ॥
ਜਿਸ ਖੇੜੇ ਤੇ ਪ੍ਰਸੰਨਤਾ ਦੀ ਜਗ ਵਿਚ ਨੈਂ ਵਗਾਈ ॥
ਜਿਸ ਜੀਂਦਾ ਜੀਵਨ ਜੀਣ ਦੀ ਹੈ ਜਗ ਨੂੰ ਜਾਚ ਸਿਖਾਈ ॥
ਇਹ "ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ" ॥
"ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ" ॥

ਗੁਰਬਾਣੀ ਜਗ ਦਾ ਚਾਨਣ ਜੋ ਮੇਟੇ ਧੁੰਧੂਕਾਰੇ ॥
ਜਿਸ ਹਿਰਦੇ ਅੰਦਰ ਵੱਸੇ ਰੂਹਾਨੀ ਲਿਸ਼ਕਾਂ ਮਾਰੇ ॥
ਜਿਉਂ ਚੰਨ ਦੁਆਲੇ ਝੁਰਮਟ ਪਾ ਕੇ ਤੇ ਚਮਕਣ ਤਾਰੇ ॥
ਤਿਉਂ ਸਿਖ ਗੁਰੂ ਗ੍ਰੰਥ ਹਜ਼ੂਰੀ ਵਿਚ ਆ ਕੇ ਸ਼ੋਭਨ ਸਾਰੇ ॥
ਤਾਪਾਂ ਦੀ ਤਪਤ ਮਿਟਾਵੇ ਤੇ ਬਖ਼ਸ਼ੇ ਸੀਤਲਤਾਈ ॥
"ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ" ॥

ਇਹ ਸੁੱਖ ਸ਼ਾਂਤਿ ਦਾ ਸੋਮਾ, ਇਹ ਨਿਰਮਲ ਜੀਵਨ-ਧਾਰਾ ॥
ਜੋ ਹਿਰਦੇ-ਬਾਗ ਖਿੜਾਵੇ ਜਲ ਮਿੱਠਾ ਪਿਆਰਾ ਪਿਆਰਾ ॥
ਜਗ ਵਿਚ ਇਹ ਮਹਿਕਾਂ ਵੰਡੇ ਖੁਸ਼ਬੋਆਂ ਦਾ ਭੰਡਾਰਾ ॥
ਇਸ ਅੰਮ੍ਰਿਤ ਗਿਆਨ ਸਰੋਵਰ ਦਾ ਜਲ ਪੀਵੇ ਜਗ ਸਾਰਾ ॥

'ਮਿੱਤਰ' ਖਿੜ ਉਠੇ ਗਾ, ਕੋ ਵੀਚਾਰ ਕਲੀ ਮੁਰਝਾਈ ॥
"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ" ॥
"ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ ਸੁਖਦਾਈ" ॥

www.AKJ.Org

# ਅੰਮ੍ਰਿਤ ਨਾਮ ਸੁਣਨ ਉਚਾਰਣ ਦੇ ੨੦ ਫਲ

ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥੨੪॥

[ਗਉੜੀ ਸੁਖਮਨੀ ਮ: ੫, ਪੰਨਾ ੨੯੫-੯੬

ਵਿਆਖਿਆ—ਗੁਰਮਤਿ ਨਾਮ ਸਰਬੋਤਮ ਕਰਮ ਦੇ ਪਿਛੇ ਸਮੁੱਚੇ ਹੀ ਉਚੇ ਉਚੇ ਕਰਮ-ਫਲ ਸੁਤੇ ਸਿਧ ਹੀ ਲਗੇ ਫਿਰਦੇ ਹਨ, ਚਾਹੇ ਗੁਰਮਤਿ ਨਾਮ ਅਭਿਆਸੀ ਤਿਨ੍ਹਾਂ ਫਲਾਂ ਦੀ ਬਾਛਾ ਕਰੇ ਯਾ ਨ ਕਰੇ।

੧—ਸਦ ਖੁਸ਼ੀਆਂ ਵਾਲੀ ਸਚੁ ਸੁਖ-ਪਾਇਕ ਕਲਿਆਣ ਮਈ ਸੁਪ੍ਰਸੰਨਤਾ (ਖੇਮ)।
੨—ਜੋਤਿ ਰਸ ਖਿੜਾਉ-ਭਿੰਨੀ ਸੱਚੀ ਸ਼ਾਂਤੀ (ਸਾਂਤਿ)।
੩—ਧਨ ਸੰਪਦਾ ਐਸ਼੍ਵਰਜ ਦੀ ਸੁਤੇ-ਪ੍ਰਾਪਤਨੀ ਪਾਰਜਾਤ ਕਲਾ (ਰਿਧਿ)।
੪—ਨਿਧੀਆਂ ਦੇ ਨਵੇਂ ਖਜ਼ਾਨੇ (ਪਦਮ, ਮਹਾਂ ਪਦਮ, ਸੰਖ, ਮਕਰ, ਕਛਪ, ਕੁੰਦ, ਨੀਲ, ਮੁਕੰਦ ਅਤੇ ਖਰਬ) ਨਉ ਨਿਧਿ, ਨੌਂ ਹੀ ਨਿੱਧੀਆਂ (ਨਵ ਨਿਧਿ)।
੫—ਬ੍ਰਹਮ ਬੋਧ ਵਾਲੀ ਅਕਲ ਲਤੀਫ਼ੀ ਬੁਧੀ (ਬੁਧਿ)।
੬—ਤ੍ਰੈਕਾਲ-ਦਰਸਤਾ ਵਾਲੀ ਅੰਤਰਯਾਮਤਾ ਵਾਲਾ ਆਤਮ ਚਾਨਣ ਦਾ ਗਿਆਨ (ਗਿਆਨੁ)।
੭—ਸਾਰੀਆਂ ਹੀ ਕਰਾਮਾਤ-ਸ਼ਕਤੀਆਂ, ਸਰਬੱਤ ਸਿੱਧੀਆਂ, ਸਰਬੱਤ ਹੀ ਸਿਧੀਆਂ (ਸਰਬਤਹ ਸਿਧਿ)।
੮—ਆਤਮ-ਬੋਧਨੀ ਪ੍ਰਮਾਰਥੀ ਇਲਮ ਇਲਾਹੀ ਵਾਲੀ ਸੱਚੀ ਬਿਦਿਆ (ਬਿਦਿਆ)।
੯—ਪਰਮਾਤਮੀ ਮਹਾਤਮ ਦੀ ਰਿਆਜ਼ਤ ਸੱਚਾ ਆਤਮ ਪ੍ਰਤਾਪੀ ਤਪੁ (ਤਪੁ)।
੧੦—ਪਰਮਾਤਮਾ ਨਾਲਿ ਜੁੜਨ ਵਾਲਾ ਸਹਜ ਜੋਗੁ (ਜੋਗੁ)।
੧੧—ਵਾਹਿਗੁਰੂ ਦੇ ਦਰਸ਼ਨ ਸਰੂਪ ਵਿਚਿ ਮਕਤੀ ਬਿਰਤੀ ਦਾ ਸੱਚਾ ਅਤੇ ਸੁਤੇ ਸਹਿਜ ਟਿਕਾਉ ਧਿਆਨੁ (ਪ੍ਰਭ ਧਿਆਨੁ)।
੧੨—ਪਰਮਾਤਮ ਸਰੂਪ ਦਾ ਪਰਤੱਖ ਅਤੇ ਪ੍ਰਚੰਡ ਤੱਤ ਗਿਆਨੁ (ਗਿਆਨ ਸ੍ਰੇਸਟ)।
੧੩—ਸਰਬੱਤਰ ਅਤੇ ਸਨਮੁਖ ਭਰਪੁਰ ਲੀਣੇ ਪਰਮਾਤਮ ਰਸ ਦਿਬ ਜੋਤਿ ਲਤੀਫ਼ਤਾ ਦੀਆਂ ਲਹਿਰਾਂ ਮਾਰ ਰਹੇ ਸੁਧਾ ਸਰੋਵਰ ਵਿਚਿ ਸਦ ਨਵ ਨਿਰੰਜਨੀ ਉਦਕ ਉਦਕੀਨੀਆ ਅਮਿਉ ਮੱਜਨੀ ਇਸ਼ਨਾਨ (ਊਤਮ ਇਸਨਾਨੁ)।
੧੪—ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੀ ਸੁਤੇ ਸਿਧਿ ਪ੍ਰਾਪਤੀ (ਚਾਰ ਪਦਾਰਥ)।
੧੫—ਹਿਰਦੇ ਅੰਦਰਲੇ ਨਾਭ ਕੰਵਲ ਦਾ ਜੋਤਿ ਸ਼ਗੁਫਤਨੀ ਸਹਜ ਪ੍ਰਕਾਸ਼ (ਕਮਲ ਪ੍ਰਗਾਸ)।
੧੬—ਗ੍ਰਿਹਸਤ ਵਿਚਿ ਰਹਿ ਕੇ ਫੇਰ ਜਲ ਕੰਵਲ ਵਤ ਨਿਰਲੇਪ ਰਹਿਣ ਵਾਲੀ ਅਲੌਕਿਕਤਾ (ਸਭ ਕੈ ਮਧਿ ਸਗਲ ਤੇ ਉਦਾਸ)।
੧੭—ਆਤਮ ਜਲਵਨੀ ਮੁਖਿ ਮਸਤਕ ਝਲਕਨੀ ਜਲਾਲ ਆਭਾ ਆਭੰਨੀ ਸੁੰਦਰਯਤਾ ਵਾਲਾ ਸੁੰਦਰ ਸਰੂਪਾ ਹੋਣਾ (ਸੁੰਦਰੁ)।
੧੮—ਸੁੰਦਰ ਸੋਭਾ ਤੇ ਰਸ-ਦਰਸਨੀ ਸੁਆਦ ਨੂੰ ਅੰਦਰੇ ਅੰਦਰਿ ਜਰਨ ਵਾਲੀ ਅਜਰਤਾ ਦਾ ਚਤੁਰ ਸਿਆਣਾ ਹੋਣਾ (ਚਤੁਰ)।

[ਬਾਕੀ ਸਫ਼ਾ ੧੧ ਹੇਠ]



www.AKJ.Org

# ਗੁਰੂ ਤੇਗ ਬਹਾਦਰ ਕੇ ਚਲਤ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਨਵੀਂ ਦਿਲੀ-19]

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਬਾਣੀ ਇੱਕ ਪਾਸੇ ਜਗਤ ਦੇ ਨਾਸ਼ਮਾਨ ਸਰੂਪ ਦੀ ਝਲਕ ਦਿਖਾਉਂਦੀ ਹੈ, ਦੂਜੇ ਪਾਸੇ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀਆਂ ਨਿਤਾਣੀਆਂ ਜਿੰਦਾਂ ਨੂੰ ਹਰੇਕ ਕਿਸਮ ਦੇ ਭੈ ਦਬਾਉ ਤੇ ਲਾਲਚ ਤੋਂ ਰਹਿਤ ਹੋਣ ਦੀ ਪ੍ਰੇਰਨਾ ਦਿੰਦੀ ਹੈ। ਜੇ ਇਕ ਪਾਸੇ ਉਨ੍ਹਾਂ ਦੇ ਬਚਨ ਮਿਥਿਹਾਸਕ ਸਾਖੀਆਂ ਦੁਆਰਾ ਨਾਮ ਦੀ ਮਹਿਮਾ ਦ੍ਰਿੜ੍ਹਾਉਂਦੇ ਹਨ ਤਾਂ ਦੂਜੇ ਪਾਸੇ ਉਨ੍ਹਾਂ ਦਾ ਜੀਵਨ ਭੀ ਪਰਉਪਕਾਰੀ ਕਾਰਜਾਂ, ਦੁਨਿਆਵੀ ਬਖਸ਼ਸ਼ਾਂ ਤੇ ਰੱਬੀ ਰਹਿਮਤਾਂ ਦਾ ਸਰੂਪ ਹੈ। ਨਿਰਸੰਦੇਹ ਹਜ਼ੂਰ ਦੀ ਪਾਵਨ ਸ਼ਖ਼ਸੀਅਤ ਸ੍ਰੇਸ਼ਟ ਗੁਣਾਂ ਨਾਲ ਰੰਗੀ ਹੋਈ ਹੈ।

ਮੁਗਲਾਂ ਦੇ ਅਤਿਆਚਾਰਾਂ ਦਾ ਸ਼ਿਕਾਰ ਭਾਰਤ ਤੇ ਉਸ ਦੀ ਨਿਤਾਣੀ ਅਤੇ ਘੂਕ ਸੁੱਤੀ ਆਤਮਾ ਨੂੰ ਝੰਜੋੜ ਕੇ ਜਗਾਉਣ ਦੀ ਲੋੜ ਸੀ। ਇਸ ਮਿਸ਼ਨ ਦੀ ਪੂਰਤੀ ਲਈ ਨਿਰਬਲ ਮਜ਼ਲੂਮਾਂ ਦੇ ਹਿਰਦਿਆਂ ਵਿਚ ਉੱਦਮ, ਅਣਖ, ਦਲੇਰੀ ਤੇ ਕੁਰਬਾਨੀ ਦੀ ਭਾਵਨਾ ਉਤੇਜਿਤ ਕਰਨੀ ਲਾਜ਼ਮੀ ਸੀ। ਉਸ ਭੈ ਭਰਪੂਰ ਵਾਤਾਵਰਨ ਵਿਚ ਐਸਾ ਪਰਿਵਰਤਨ ਲਿਆਉਣਾ ਕੇਵਲ ਕਥਨੀ ਨਾਲ ਹੋਂਦ ਵਿਚ ਲਿਆਉਣਾ ਕਾਫੀ ਨਹੀਂ ਸੀ। ਗੁਰਦੇਵ ਜੀ ਨੇ ਇੱਕ ਆਦਰਸ਼ਕ ਰਹਿਬਰ ਦੀ ਜ਼ਿੰਮੇਵਾਰੀ ਨੂੰ ਅਨੁਭਵ ਕਰ ਕੇ, 'ਨਾ ਡਰਨ, ਨਾ ਡਰਾਉਣ' ਦੀ ਨੀਤੀ ਅਪਣਾਈ, ਆਪਾ ਵਾਰਨ ਦਾ ਸ਼ਾਂਤਮਈ ਮਾਰਗ ਇਖ਼ਤਿਆਰ ਕੀਤਾ ਤੇ ਜੱਗ ਵਿਚ ਅਨੋਖੀ ਕਰਣੀ ਦੀ ਮਿਸਾਲ ਕਾਇਮ ਕੀਤੀ।

ਭਾਈ ਨੰਦ ਲਾਲ ਜੀ ਦੇ ਪ੍ਰੇਮ-ਰੰਗ ਵਿਚ ਰੰਗੇ ਸ਼ਬਦਾਂ ਅਨੁਸਾਰ ਆਪ ਦਾ ਵਜੂਦ, ਸੱਚ ਦੇ ਨੂਰ ਨਾਲ ਪ੍ਰਕਾਸ਼ਮਾਨ, ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਲਾ ਹੈ; ਲੋਕ ਤੇ ਪਰਲੋਕ ਦਾ ਸ਼ਹਿਨਸ਼ਾਹ, ਦਬਦਬੇ ਤੇ ਜਲਾਲ ਦੀ ਸਭਾ ਦਾ ਸ਼ਿੰਗਾਰ ਹੈ। ਸਹਿਨਸ਼ੀਲਤਾ ਤੇ ਰਜ਼ਾ ਦੀ ਸਮੂਰਤਿ ਇਕੋ ਸਮੇਂ ਜੋਗੀ ਤੇ ਭੋਗੀ ਰਹੇ ਹਨ।

ਗੁਰੂ ਤੇਗ ਬਹਾਦੁਰ ਆਂ ਸਰਾ ਪਾ ਅਫ਼ਜ਼ਾਲ ॥
ਜ਼ੀਨਤ ਆਰਾਇ ਮਹਿਫ਼ਲਿ ਜਾਹੋ ਜਲਾਲ ॥੯੯॥
ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ ॥
ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ ॥੧੦੦॥* [ਗੰਜ ਨਾਮਾ

ਭਾਈ ਸਾਹਿਬ ਨੇ ਹਜ਼ੂਰ ਦੀਆਂ ਬਖ਼ਸ਼ਸ਼ਾਂ ਦਾ ਬਾਰ ਬਾਰ ਜ਼ਿਕਰ ਕੀਤਾ ਹੈ। ਪਰ ਜਿਹੜੀ ਬਖਸ਼ਸ਼,

---

* ੯੯—ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ ਉਚਾਈਆਂ ਅਤੇ ਵਡਿਆਈਆਂ ਦਾ ਭੰਡਾਰ ਹੈ, ਅਤੇ ਰੱਬ ਦੀ ਸ਼ਾਨੋ ਸ਼ੌਕਤ ਦੀ ਮਹਿਫਲ ਦੀ ਰੌਣਕ ਵਧਾਉਣ ਵਾਲਾ ਹੈ।

੧੦੦—ਸੱਚ ਦੀਆਂ ਕਿਰਨਾਂ ਉਸ ਦੇ ਪਵਿੱਤਰ ਵਜੂਦ ਸਦਕਾ ਰੌਸ਼ਨ ਹਨ, ਦੋਵੇਂ ਜਹਾਨ ਉਸ ਦੀ ਮਿਹਰ ਦੀ ਬਖਸ਼ਸ਼ ਨਾਲ ਰੌਸ਼ਨ ਹਨ। [ਅਰਥਾਵਲੀ ਵਲੋਂ ਡਾ. ਗੰਡਾ ਸਿੰਘ ਜੀ

---

(ਸਫਾ ੧੦ ਦੀ ਬਾਕੀ)

੧੯–ਗੂੜ੍ਹ ਤੋਂ ਗੂੜ੍ਹ ਗੁਰਮਤਿ ਰਮਜ਼ਾਂ ਦਾ ਤੱਤ ਗਿਆਤਾ ਹੋਣਾ (ਤੱਤ ਬੇਤਾ)।

੨੦–ਸਾਰਿਆਂ ਨੂੰ ਦਿੱਬ ਦ੍ਰਿਸ਼ਟੀ ਨਾਲਿ ਸਮਾਨ ਦੇਖਣ ਵਾਲਾ (ਸਮ ਦਰਸੀ ਏਕ ਦ੍ਰਿਸਟੇਤਾ) ਹੋਣਾ।

ਇਹ ਸਾਰੇ ਉਪਰ ਵਰਣਨ ਕੀਤੇ ਬੀਸ ਸੁਫਲ ਫਲ ਉਸ ਜਨ ਨੂੰ ਸੁਤੇ ਸਹਿਜ ਹੀ ਪ੍ਰਾਪਤਿ ਹੋ ਜਾਂਦੇ ਹਨ ਜੋ ਗੁਰੂ ਕੇ ਨਾਮ ਰੂਪੀ ਅੰਮ੍ਰਿਤ ਬਚਨ ਮਨ ਕਰਕੇ ਸੁਣਦਾ ਹੈ ਅਤੇ ਮੂੰਹੋਂ ਉਚਾਰਦਾ ਹੈ। ਐਸੀ ਹੈ ਗੁਰਮਤਿ ਨਾਮ ਦੀ ਸਰਬੋਤਮਤਾ।

ਭਾ: ਸਾ: ਰਣਧੀਰ ਸਿੰਘ ਲਿਖਤ ਗੁ: ਕਰਮ ਫ਼ਿਲਾਸਫ਼ੀ, ਪੰਨਾ ੪੭੦-੭੧


www.AKJ.Org

ਅਨੋਖੀ ਦਾਤਿ, ਦਾਤਾਂ ਸਿਰਿ ਦਾਤਿ "ਹਿੰਦੂਆਂ ਨੂੰ ਜਬਰ ਨਾਲ ਇਸਲਾਮ ਦੇ ਘੇਰੇ ਅੰਦਰ ਲਿਆਉਣ ਵਿਚ ਠੱਲ੍ਹ ਪਾਉਣੀ" ਦਾਤਾਰ ਪਿਤਾ ਨੇ ਬਖਸ਼ੀ ਹੈ, ਸਾਰਾ ਭਾਰਤ ਹਮੇਸ਼ਾ ਲਈ ਰਿਣੀ ਰਹੇਗਾ।

ਦੁਖੀਆਂ ਦੇ ਦੁਖੜੇ ਤੱਕ ਕੇ ਹਮਦਰਦੀ ਜਤਲਾਉਣੀ ਮਹਾਨ ਗੁਣ ਹੈ। ਪਰ ਇਹ ਮੰਜ਼ਲ ਨਹੀਂ, ਪਹਿਲਾ ਪੜਾਅ ਹੈ। ਇਕ ਨਿਰਧਨ ਜਾਂ ਬੇਬਸ ਇਨਸਾਨ ਕਈ ਵਾਰ ਪਹਿਲੇ ਪੜਾਅ ਤੇ ਹੀ ਰੁੱਕ ਜਾਂਦਾ ਹੈ। ਤੱਕ ਕੇ ਦੁਖੀ ਹੋਣਾ ਰੱਬੀ ਸਿਫਤ ਹੈ, ਕਿਉਂਕਿ ਪਰਮਾਤਮਾ ਭਾਵਨਾ ਸਹਿਤ ਗਤੀ-ਸ਼ੀਲ ਹਸਤੀ ਹੈ, ਬੇਜ਼ਬਾਨ ਪੱਥਰ ਦਾ ਬੁੱਤ ਨਹੀਂ।

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥੧੨॥

(ਕਬਜੋ ਬਾਚ ਬੇਨਤੀ ਚੌਪਈ ਪਾ: ੧੦)

ਇਸ ਭਾਵਨਾ ਨੂੰ ਕਰਣੀ ਦਾ ਰੂਪ ਦੇਣਾ, ਅਰਥਾਤ, ਦੁੱਖਾਂ ਨੂੰ ਸੁੱਖਾਂ ਵਿਚ ਬਦਲਣਾ ਹਮਦਰਦੀ ਦਾ ਅੰਤਮ ਸਰੂਪ ਹੈ। ਬਚਪਨ ਵਿਚ ਆਪ ਨੇ ਆਪਣੀ ਵੱਡਮੁਲੀ ਪੋਸ਼ਾਕ ਤਿਆਗ ਕੇ ਆਪਣੇ ਹਮ-ਉਮਰ ਨੰਗੇ ਬੱਚੇ ਦਾ ਨੰਗੇਜ ਢੱਕਿਆ ਸੀ। ਸੰਸਾਰ ਨੂੰ ਇਹ ਨਹੀਂ ਸੀ ਪਤਾ ਕਿ ਵੱਡਾ ਹੋ ਕੇ ਆਪ ਨੇ ਸਾਰੇ ਹਿੰਦ ਦੀ ਆਬਰੂ ਬਚਾਉਣ ਲਈ ਇਕ ਚਾਦਰ ਦੀ ਭੂਮਿਕਾ ਨਿਭਾਉਣੀ ਹੈ।

ਸਤਿਗੁਰੂ ਜੀ ਦਾ ਕੌਤਕ ਭਰਿਆ ਜੀਵਨ ਬਹੁਰੰਗੀ ਤਸਵੀਰ ਨਿਆਈਂ ਹੈ। ਇਕ ਸਮੇਂ ਹਜ਼ੂਰ ਨੇ ਪਰਿਵਾਰ ਦੇ ਮੋਹ ਤੇ ਸੰਸਾਰ ਦੇ ਚਿੱਕੜ ਰੂਪੀ ਲਗਾਉ ਤੋਂ ਨਿਰਲੇਪ ਰਹਿੰਦਿਆਂ, ਆਸਾ ਮਨਸਾ ਦੇ ਬੰਧਨਾਂ ਤੋਂ ਸੁਤੰਤਰ, ਪੂਰਨ ਉਦਾਸੀ ਦੇ ਰੂਪ ਵਿਚ ਬਕਾਲੇ ਦੀ ਧਰਤੀ ਨੂੰ ਭਾਗ ਲਾਏ ਸਨ। ਪਿਤਾ ਗੁਰੂ ਦੀ ਆਗਿਆ ਦਾ ਪਾਲਣ ਕਰ ਕੇ ਘੋਰ ਤਪੱਸਿਆ ਕਰਨੀ, ਸਬਰ, ਸਿਦਕ, ਸੰਤੋਖ ਵਿਚ ਵਿਚਰਦਿਆਂ, ਜਗਤ-ਉਪਰਾਮਤਾ ਤੇ ਅਲਪ ਆਹਾਰੀ ਜੀਵਨ ਬਿਤਾਉਣਾ, ਆਦਿਕ ਕਾਮਲ ਫਕੀਰੀ ਦੇ ਲੱਛਣ ਹਨ। ਬਾਬਾ ਫਰੀਦ ਦੇ ਸ਼ਬਦਾਂ ਅਨੁਸਾਰ ਮੁੱਖ ਲੱਛਣ ਰੁੱਖਾਂ ਜਿਹਾ ਜੇਰਾ ਤੇ ਸਬਰ ਗ੍ਰਹਿਣ ਕਰਨਾ ਹੈ--

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥ (ਪੰਨਾ ੧੩੮੧)

ਸੰਸਾਰ ਨੇ ਹਜ਼ੂਰ ਦੀ ਦਰਵੇਸਾਂਵੀ ਰੀਤਿ ਦੇਖੀ, ਬ੍ਰਿਛ ਜੈਸਾ ਪਰਉਪਕਾਰੀ ਜੀਵਨ ਤੇ ਸ਼ਾਂਤਮਈ ਗੁਣਾਂ ਦਾ ਭੰਡਾਰ ਤੱਕਿਆ। ਅੱਜ ਆਪ ਦਾ ਆਤਮਕ ਬਲ, ਬਾਦਸ਼ਾਹੀ ਰਹਿਣ-ਸਹਿਣ-ਕਹਿਣ, ਜਿਹੜਾ ਸ਼ਾਹੀ ਠਾਠ ਬਾਠ ਨੂੰ ਮਾਤ ਕਰਦਾ ਸੀ, ਸਭ ਦੇ ਸਾਹਮਣੇ ਉਜਾਗਰ ਹੋ ਗਿਆ। ਕਮਜ਼ੋਰ ਨਿਤਾਣਾ ਪੁਰਸ਼ ਤਕੜਿਆਂ ਵਿਚ ਸਦ ਹੀ ਬੇਵਸ ਰਹਿੰਦਾ ਹੈ। ਧੜੱਲੇਦਾਰ ਮਧਿਅਸਥ (ਵਿਚੋਲਾ) ਹੀ ਬਾਦਸ਼ਾਹਾਂ ਦੀ ਜੰਗ ਬੰਦ ਕਰਨ ਜਾਂ ਰੋਕਣ ਦੇ ਸਮਰੱਥ ਹੈ। ਇਹ ਇਸ਼ਾਰਾ ਔਰੰਗਜ਼ੇਬ ਦੁਆਰਾ ਭੇਜੇ ਰਾਜਾ ਰਾਮ ਸਿੰਘ ਵਲ ਹੈ, ਜਿਸ ਨੂੰ ਆਸਾਮ ਦੀ ਮੁਹਿੰਮ ਸਰ ਕਰਨ ਦਾ ਕੰਮ ਸੌਂਪਿਆ ਗਿਆ ਸੀ। ਹਜ਼ੂਰ ਨੇ ਇਸ ਦੀ ਤੇ ਚਕ੍ਰਧਵਜ ਦੀ ਸੁਲਹ-ਸਫ਼ਾਈ ਕਰਵਾ ਕੇ ਨਾ-ਕੇਵਲ ਕਉੜੱਤਣ ਤੇ ਨਫ਼ਰਤ ਦੂਰ ਕੀਤੀ ਬਲਕਿ ਹਜ਼ਾਰਾਂ ਬੇਗੁਨਾਹ ਜੀਵਾਂ ਨੂੰ ਖ਼ੂਨ ਖਰਾਬੇ ਤੇ ਅਣਿਆਈ ਮੌਤ ਤੋਂ ਬਚਾ ਲਿਆ। ਇਹ ਤੱਤ ਵਿਸ਼ਵਾਸ-ਭਰਪੂਰ ਹੈ ਤੇ ਮੰਨਣ ਵਾਲਾ ਹੈ ਕਿ ਨੌਂਵੇਂ ਸਤਿਗੁਰੂ ਜੀ ਦੇ ਪ੍ਰਭਾਵਸ਼ਾਲੀ ਦ-ਦਬੇ ਤੇ ਰੂਹਾਨੀ ਚਿਹਰੇ ਦੀ ਨੂਰੀ ਤਾਬ ਨੂੰ ਦੋਵੇਂ ਧਿਰਾਂ ਝੱਲ ਨਹੀਂ ਸਕੀਆਂ। ਉਨ੍ਹਾਂ ਨੂੰ ਹਜ਼ੂਰ ਦੇ ਆਤਮ-ਬਲ, ਨਿਰਪੱਖ ਵਿਚਾਰ, ਸੱਚੀ ਸੁੱਚੀ ਜੁਗਤੀ ਤੇ ਆਧਾਰਤ ਫੈਸਲੇ ਅੱਗੇ ਪ੍ਰਸੰਨਤਾ ਸਹਿਤ ਸਿਰ ਨਿਵਾਉਣਾ ਪਿਆ।

ਸੱਚੇ ਪਾਤਸ਼ਾਹ ਦਾ ਸਮੁੱਚਾ ਜੀਵਨ ਤਿਆਗ ਤੇ ਜ਼ਿੰਮੇਵਾਰ ਗ੍ਰਿਹਸਤੀ ਦਾ ਸੰਤੁਲਤ ਜੀਵਨ ਹੈ, ਜਿਸ ਵਿਚ ਸਮੂਹ ਸਿੱਖ ਤੇ ਮਜ਼ਲੂਮ ਵਰਗ ਪਰਵਾਰ ਦੇ ਅਟੁੱਟ ਅੰਗ ਹਨ। ਭਾਵਨਾ ਵਿਚ ਮਾਨਵਤਾ ਦੀ ਛੁਹ ਤੇ ਸਮਾਨਤਾ; ਕਰਣੀ ਵਿਚ ਲੈਣ ਦੀ ਲਾਲਸਾ ਨਹੀਂ, ਕੁੱਝ ਦੇਣ ਦਾ ਬਿਰਦ ਹੈ; ਕੌਤਕ ਚੋਜ ਤੇ ਬਿਸਮਾਦ ਦੇ ਆਪਣੇ ਵੱਖਰੇ ਹੀ ਆਤਮਕ ਰੰਗ ਹਨ। ਵਿਸ਼ੇਸ਼ ਤੌਰ ਤੇ ਸ਼ਹਾਦਤ ਨੂੰ 'ਚਲਤ' ਸ਼ਬਦ ਨਾਲ ਸਨਮਾਨਤ ਕੀਤਾ


www.AKJ.Org

ਹੈ। ਰਾਜੇ, ਮਹਾਰਾਜੇ ਜਾਂ ਕ੍ਰੋੜਪਤੀ ਭਾਵੇਂ ਅਨੇਕਾਂ ਹੀ ਸ਼ੁਭ ਕਰਮ ਕਰਨ, ਦੇਸ਼-ਭਗਤ, ਸੂਰਬੀਰ ਜਾਂ ਮਰਜੀਵੜੇ ਉੱਚ ਪਾਏ ਦੀ ਕੁਰਬਾਨੀ ਕਰਨ, ਉਨ੍ਹਾਂ ਦੀ ਕਰਣੀ ਨੂੰ 'ਚਲਤ' ਨਾਲ ਨਹੀਂ ਜੋੜਿਆ ਜਾਵੇਗਾ। ਇਸ ਦਾ ਸੰਬੰਧ ਕੇਵਲ ਗੁਰੂ ਤੇਗ ਬਹਾਦਰ ਜੀ ਦੇ ਨਿਸ਼ਕਾਮ ਬਲੀਦਾਨ ਨਾਲ ਹੈ। ਇਹ ਐਸਾ ਗੁਣ ਨਹੀਂ, ਜਿਸ ਨੂੰ ਹਰੇਕ ਜਣਾ ਖਣਾ, ਆਪਣੇ ਉੱਦਮ ਦੁਆਰਾ ਧਾਰਨ ਕਰ ਸਕੇ। ਇਹ ਰੱਬੀ ਦਾਤਿ ਹੈ, ਇਨਸਾਨੀ ਪ੍ਰਾਪਤੀ ਨਹੀਂ। ਇਸ ਪ੍ਰਤੀ ਦਸਮੇਸ਼ ਪਿਤਾ ਦੇ ਬਚਨ-ਅੰਤਮ ਤੇ ਸਥਾਈ ਹਨ। ਗੁਰਮਤਿ ਦੀ ਕਸੌਟੀ ਅਨੁਸਾਰ ਇਸ ਦੈਵੀ ਗੁਣ ਦਾ ਸੁਆਮੀ ਅਕਾਲ ਪੁਰਖ ਆਪ ਹੈ।

ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ ॥
ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ ॥
ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ ॥੪॥੧੯॥੮੯॥
(ਸਿਰੀਰਾਗੁ ਮ: ੫—੪੯)

ਪਾਰਬ੍ਰਹਮ ਨਾਲ ਅਭੇਦ ਸੱਚੇ ਸਤਿਗੁਰੂ ਦੇ ਅਨੇਕ ਅਲੌਕਿਕ ਚੋਜ ਹਨ। ਲਤੀਫ਼ ਅਕਲਿ ਵਾਲੇ ਖਿਨ ਖਿਨ ਸਤਿਗੁਰੂ ਦੇ ਸਿਮਰਨ ਵਿਚ ਮਗਨ ਰਹਿੰਦੇ ਹਨ। ਜੇ ਕੋਈ ਪ੍ਰਾਣੀ ਐਸੇ ਗੁਣ-ਨਿਧਾਨ ਜੋਤੀ ਸਰੂਪ ਦੇ ਗੁਣਾਂ ਨੂੰ ਵਿਸਾਰ ਕੇ ਇਨ੍ਹਾਂ ਦੀ ਮਿਠਾਸ ਨੂੰ ਅਨੁਭਵ ਨਹੀਂ ਕਰਦਾ, ਸਹੀ ਅਰਥਾਂ ਵਿਚ ਇਹ ਦਸ਼ਾ ਉਸ ਦੇ ਅਭਾਗੇ ਮਸਤਕ ਦੇ ਭੈੜੇ ਲੇਖਾਂ ਦੀ ਲਖਾਇਕ ਹੈ।

ਪਰ ਸੁਭਾਗੇ ਸਿੱਖਾਂ ਨੇ ਸਤਿਗੁਰੂ ਨਾਲ ਪੂਰੀ ਪ੍ਰੀਤਿ ਨਿਭਾਈ। ਮੁਗਲ ਹਕੂਮਤ ਦੇ ਫ਼ੁਰਮਾਨ 'ਤੇ ਪਹਿਰੇਦਾਰਾਂ ਦੀ ਸਖ਼ਤੀ ਦੀ ਕੋਈ ਪਰਵਾਹ ਨਹੀਂ ਕੀਤੀ। ਗਿਣਤੀ ਦੇ ਸਿੱਖਾਂ ਨੇ ਜਾਨ ਤਲੀ ਤੇ ਰੱਖ ਕੇ ਹਜ਼ੂਰ ਦੇ ਪਾਵਨ ਸੀਸ ਤੇ ਧੜ ਨੂੰ ਸੰਭਾਲ ਕੇ ਸੁਰੱਖਿਅਤ ਥਾਂ ਤੇ ਪਹੁੰਚਾ ਦਿੱਤਾ। ਇਹ ਸਤਿਗੁਰੂ ਦੀ ਪਰਤੱਖ ਕਰਾਮਾਤੀ ਬਖ਼ਸ਼ਸ਼ ਸੀ। ਅਚਰਜ ਭਰੀ ਘਟਨਾ ਇਸ ਕਰਕੇ ਭੀ ਬੇਮਿਸਾਲ ਸੀ ਕਿ ਆਪਾ ਵਾਰਨ ਦਾ ਇਹ ਪਰਉਪਕਾਰੀ ਕਾਰਜ ਕਰਨ ਦਾ ਹੁਕਮ ਧੁਰ ਦਰਗਾਹੋਂ ਸੀ। ਇਸ ਭਾਵ ਨਾਲ ਸੰਬੰਧਤ ਗੁਰ ਫ਼ੁਰਮਾਨ ਹੈ--

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥ [ਧਨਾਸਰੀ ਮ: ੧—੬੮੯

ਸ੍ਰੀ ਅੰਮ੍ਰਿਤਸਰ ਆਪ ਜੀ ਦਾ ਜਨਮ-ਅਸਥਾਨ ਸੀ, ਜਿੱਥੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਿਆਰ ਤੇ ਸੰਗਤ ਦਾ ਸਤਿਕਾਰ ਪ੍ਰਾਪਤ ਸੀ। ਬਚਪਨ ਵਿਚ ਆਪ ਦਾ ਪਹਿਰਾਵਾ ਬੇਸ਼ਕ ਅਮੀਰਾਨਾ ਸੀ, ਪਰ ਵਿਚਾਰ ਫ਼ਕੀਰਾਨਾ ਸੀ। ਸੁੰਦਰ ਨਾਮ 'ਤਿਆਗ ਮਲ' ਆਪ ਜੀ ਦੇ ਕੁਦਰਤੀ ਸੁਭਾਅ ਨਾਲ ਪੂਰਾ ਮੇਲ ਖਾਂਦਾ ਸੀ। ਮਨ ਸਦਾ ਟਿਕਾਉ ਤੇ ਸਹਜ ਅਵਸਥਾ ਵਿਚ, ਪਰ ਸਰੀਰ ਰਿਸ਼ਟ ਪੁਸ਼ਟ ਤੇ ਦੂਸਰਿਆਂ ਦੇ ਕੰਮ ਆਉਣ ਵਾਲਾ ਸੀ। ਬੇਪਰਵਾਹ ਗੁਰਸਿੱਖ ਤੇ ਆਗਿਆਕਾਰੀ ਪੁੱਤਰ ਦੇ ਰੂਪ ਵਿਚ ਬਕਾਲੇ ਆਏ, ਘੋਰ ਤਪੱਸਿਆ ਤੇ ਅਵਧੂਤ ਅਵਸਥਾ ਕਾਰਨ ਤੇਗਾ ਵੀ ਕਹਿਲਾਏ। ਆਪ ਦੀ ਬਹੁ-ਪੱਖੀ ਸ਼ਖ਼ਸੀਅਤ ਕਮਾਲ ਦੀ ਸੀ। ਕਰਤਾਰਪੁਰ ਦੀ ਜੰਗ ਵਿਚ ਗੁਰਦੇਵ ਜੀ ਨੇ ਇਉਂ ਤੇਗ ਚਲਾਈ ਕਿ ਪਿਤਾ ਦੁਆਰਾ ਜਗਤ ਵਿਚ ਤੇਗ ਬਹਾਦਰ ਬਣ ਗਏ। ਹਿੰਦੂ ਧਰਮ ਬਚਾਉਣ ਲਈ ਦਿੱਲੀ ਵਿਚ ਜਦ ਤੇਗ ਖਾਈ, ਤਾਂ ਪੜਦਾ ਕੱਜਣ ਕਰਕੇ ਦਾਤਾ ਹਿੰਦ ਦੀ ਚਾਦਰ ਬਣ ਗਏ। ਇੱਥੇ ਹੀ ਹਜ਼ੂਰ ਨੇ ਆਪਣੇ ਨਾਮ ਦੇ ਸਿਧਾਂਤਕ ਅਰਥ ਨੂੰ ਅਮਲੀ ਰੂਪ ਦੇ ਕੇ, ਭਾਰਤੀ ਸਭਿਅਤਾ ਨੂੰ ਨਸ਼ਟ ਹੋਣ ਤੋਂ ਬਚਾਇਆ। ਇਹ ਕਰਾਮਾਤ ਔਰੰਗਜ਼ੇਬ ਦੀ ਮਨ-ਪਸੰਦ ਕਰਾਮਾਤ ਤੋਂ ਅਨੋਖੀ ਸੀ।

ਔਰੰਗਜ਼ੇਬ ਨੇ ਆਪਣੇ ਵਲੋਂ ਗੁਰਦੇਵ ਜੀ ਦੇ ਸਰੀਰ ਨੂੰ ਖ਼ਤਮ ਕਰ ਦਿੱਤਾ, ਪਰ ਵਾਸਤਵ ਵਿਚ ਸਤਿਗੁਰੂ ਜੀ ਆਪਣੇ ਰੱਬੀ ਉਪਦੇਸ਼, ਬਹੁਗੁਣੀ ਕਰਣੀ ਤੇ ਬਲੀਦਾਨ ਦੁਆਰਾ ਸਦਾ ਲਈ ਅਮਰ ਹੋ ਗਏ। ਤੇ ਆਪਣਾ ਸਨੇਹ ਭਰਿਆ ਸੰਬੰਧ ਦਿੱਲੀ ਦੀ ਸੰਗਤ ਨਾਲ ਕਾਇਮ ਕਰ ਗਏ। ਕੁਝ ਸਾਲਾਂ ਬਾਅਦ ਇਸ ਧਰਤੀ ਦਾ ਫਿਟਕਾਰਿਆ ਔਰੰਗਾ ਦਿੱਲੀ ਤੋਂ ਐਸਾ ਨਿਕਲਿਆ ਕਿ ਮੁੜ ਵਾਪਸ ਨਹੀਂ ਪਰਤ ਸਕਿਆ। ਉਸ ਦੀ


www.AKJ.Org

ਆਪਣੀ ਲਿਖਤ ਅਨੁਸਾਰ ਉਸ ਦਾ ਅੰਤਮ ਸਮਾਂ ਪਾਪਾਂ ਦੇ ਫਲ ਦੇ ਸਹਿਮ ਤੇ ਪਛਤਾਵੇ ਦੀ ਅਗਨੀ ਵਿਚ ਜਲਦਿਆਂ ਬੀਤਿਆ।

ਸ਼ਹਾਦਤ ਦੇ ਪ੍ਰਭਾਵ ਤੋਂ ਲੋਕ ਤੇ ਪਰਲੋਕ, ਦੋਵੇਂ ਬਚ ਨਹੀਂ ਸਕੇ। ਜਗਤ ਵਿਚ ਸ਼ੋਕਮਈ ਵਾਤਾਵਰਨ ਉਤਪੰਨ ਹੋਇਆ, ਗੁੱਸੇ ਤੇ ਰੋਸ ਭਰੀ ਅਦ੍ਰਿਸ਼ਟ ਜੁਆਲਾ ਭੜਕ ਉੱਠੀ, ਪਰਜਾ ਦਾ ਹਿਰਦਾ ਵਿਲੂੰਦਰਿਆ ਗਿਆ, ਭਾਵਨਾਵਾਂ ਕੁਚਲੀਆਂ ਗਈਆਂ, ਦੁਖ ਭਰੇ ਜਜ਼ਬਾਤੀ ਸ਼ਬਦ ਅਨੇਕਾਂ ਰਸਨਾਂ ਨੇ ਉਚਾਰੇ ਤੇ ਲਾਅਨਤ ਭਰੇ 'ਹੈ, ਹੈ' ਦੇ ਸ਼ਬਦਾਂ ਨਾਲ ਬ੍ਰਹਮੰਡ ਦਾ ਚੌਗਿਰਦਾ ਭਰ ਗਿਆ। ਸੁਰ-ਲੋਕ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਰਪੂਰ ਸੁਆਗਤ ਹੋਇਆ। ਮਹਾਨ ਸਾਕੇ ਦੇ ਸਦਕੇ 'ਜੈ ਜੈਕਾਰ' (ਸਿੰਘਾਂ ਦਾ ਜੈਕਾਰਾ) ਦੀਆਂ ਗੂੰਜਾਂ ਤੇ ਧੰਨ ਧੰਨ ਦੀਆਂ ਧੁਨੀਆਂ ਫੈਲ ਗਈਆਂ। ਦਸਮ ਪਾਤਸ਼ਾਹ ਦਾ ਫ਼ੁਰਮਾਨ ਹੈ—

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥ [ਬਚਿਤ੍ਰ ਨਾਟਕ, ਅਧਿ: ੫

ਦੇਵਤਿਆਂ ਨੇ ਤੱਕਿਆਂ ਕਿ ਨੌਵੇਂ ਸਤਿਗੁਰੂ ਨੇ ਪਰਿਵਾਰ ਦਾ ਮੋਹ, ਮਾਣ, ਮਹੱਤ, ਸ਼ੋਭਾ ਵਡਿਆਈ ਦਾ ਤਿਆਗ ਕੀਤਾ, ਤਿਲਕ ਜੰਞੂ ਦੀ ਰਾਖੀ ਲਈ ਰਿਧਿ ਸਿਧਿ ਕਰਾਮਾਤ, ਮਾਇਆ ਤੇ ਪਾਤਸ਼ਾਹੀ ਜੀਵਨ ਵਾਰ ਦਿੱਤਾ, ਹਕੂਮਤ ਵਲੋਂ ਦਿੱਤੇ ਦੁਨਿਆਵੀ ਤੇ ਰਾਜਸੀ ਸੱਤਾ ਦੇ ਲਾਲਚ ਠੁਕਰਾ ਦਿੱਤੇ, ਪਰ ਅਨਾਥਾਂ, ਮਜ਼ਲੂਮਾਂ ਦੀ ਬਾਂਹ ਨਹੀਂ ਛੱਡੀ। ਇਸ ਦੇ ਫਲਸਰੂਪ, ਐਸੀ ਸ਼ੁੱਧ, ਨਿਰਮਲ ਆਤਮਾ ਤੇ ਬੇਲਾਗ ਭਲਾਈ ਤੱਕ ਕੇ ਦੇਵਤਿਆਂ ਦੀ ਹੈਰਾਨੀ ਹੱਦਾਂ ਵਿਚ ਨ ਸਮਾਵੇ।

ਦਾਤਾਰ ਪਿਤਾ ਜੀ ਦੀ ਪ੍ਰਤਿਭਾ ਦਾ ਇਕ ਵਿਸ਼ੇਸ਼ ਅੰਗ ਹੈ :—'ਪਾਰਬ੍ਰਹਮ ਗੁਰ ਨਾਹੀ ਭੇਦ' (੧੨੪੨) ਦੀ ਵਿਆਖਿਆ ਦਾ ਅਮਲੀ ਚਿਤਰ। ਅਕਾਲ ਪੁਰਖ ਨਿਰਗੁਣ ਸਰੂਪ ਹੈ, ਜਿਸ ਨੂੰ ਸੂਖਮ ਦ੍ਰਿਸ਼ਟੀ ਹੀ ਅਨੁਭਵ ਕਰ ਸਕਦੀ ਹੈ। ਸਤਿਗੁਰੂ ਸਰੀਰ ਕਰਕੇ ਸਰਗੁਣ ਸਰੂਪ ਹੈ, ਤੇ ਸਥੂਲ ਦ੍ਰਿਸ਼ਟੀ ਦਾ ਪਾਤਰ ਹੈ। ਦੋਹਾਂ ਦਾ ਸੰਬੰਧ ਤਾਣੇ ਪੇਟੇ ਵਾਂਗ ਅਨਿਖੜਵਾਂ ਤੇ ਸੂਰਜ ਵਾਂਗ ਰੋਸ਼ਨ ਹੈ। ਨਾਮ ਵਖੋ ਵੱਖਰੇ, ਪਰ ਕਰਣੀ ਇਕੋ ਹੈ। ਨਿਰਾਕਾਰ ਤੇ ਸਾਕਾਰ ਦਾ ਭੇਦ ਸਾਡੀ ਤੁੱਛ ਬੁੱਧੀ ਦੀ ਸਮਝ ਤੋਂ ਪਰੇ ਹੈ। ਇਸੇ ਕਾਰਨ ਅਸੀਂ ਇਨ੍ਹਾਂ ਦੀ ਫਰਜ਼-ਸ਼ਨਾਸੀ ਤੇ ਦੈਵੀ ਧਰਮ ਦੀ ਪ੍ਰਪੱਕ ਸਾਂਝ ਸਮਝਣ ਤੋਂ ਕੋਰੇ ਹਾਂ। ਵਾਸਤਵ ਵਿਚ ਦੋਵੇਂ ਹੀ ਦਇਆਲੰ ਸਰੂਪ, ਕਰੁਣਾ ਦੇ ਘਰ, ਪਰਉਪਕਾਰੀ, ਸੰਤ ਉਬਾਰਨ ਵਾਲੇ, ਅਨਾਥਾਂ ਦੇ ਨਾਥ ਤੇ ਦਰ-ਢੱਠਿਆਂ ਦਾ ਫੜਿਆ ਦਾਮਨ ਤੋੜ ਤਕ ਨਿਬਾਹੁਣ ਵਾਲੇ ਹਨ।

ਰੱਬੀ ਉਪਦੇਸ਼ ਦੇ ਖੜਗ ਰੂਪੀ ਗਿਆਨ ਤੇ ਨਾਮ-ਰੱਤੇ ਬਾਣ ਦੂਹਰਾ ਕਾਰਜ ਕਰਦੇ ਹਨ : ਪਾਪਾਂ ਨੂੰ ਖੰਡ ਖੰਡ ਕਰਨਾ ਤੇ ਹਿਰਦੇ ਵਿਚ ਨਿਰਮਲ ਜੋਤਿ ਦਾ ਪ੍ਰਕਾਸ਼ ਭਰਨਾ। ਇਸ ਨਿਰਾਲੇ ਜੁੱਧ ਵਿਚ ਵੈਰੀਆਂ ਦਾ ਵਾਰ ਰੋਕਣ ਲਈ, ਚਮੜੇ ਦੀ ਨਹੀਂ, ਬਲਕਿ ਗੁਣਾਂ ਦੀ ਢਾਲ ਵਰਤੋਂ ਵਿਚ ਆਉਂਦੀ ਹੈ। ਇਹ ਢਾਲ ਅਡੋਲਤਾ, ਹੱਠ, ਦ੍ਰਿੜ੍ਹਤਾ ਤੇ ਆਤਮ ਬਲ ਦੀ ਸ਼ਕਤੀ-ਸ਼ਾਲੀ ਮੂਰਤਿ ਹੈ ਤੇ ਮਨ ਨੂੰ ਸ਼ਿੱਥਲ ਹੋਣ ਤੇ ਆਤਮਾ ਨੂੰ ਘਾਇਲ ਹੋਣ ਤੋਂ ਬਚਾਉਂਦੀ ਹੈ।

ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਦੇ ਕੁਛ ਐਸੇ ਭੀ ਮਹਾਨ ਗੁਣਾਂ ਨੂੰ ਕਲਮਬੰਦ ਕੀਤਾ ਹੈ, ਜਿਨ੍ਹਾਂ ਦਾ ਪ੍ਰਗਟਾਵਾ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਤੱਖ ਰੂਪ ਵਿਚ ਚਾਂਦਨੀ ਚੌਕ ਦਿੱਲੀ ਵਿਚ ਕੀਤਾ ਸੀ—

ਆਡੀਠ ਧਰਮ॥ ਅਤਿ ਢੀਠ ਕਰਮ॥
ਅਣਬ੍ਰਣ ਅਨੰਤ॥ ਦਾਤਾ ਮਹੰਤ॥ ੧੭੮॥ (ਜਾਪੁ ਸਾਹਿਬ)


www.AKJ.Org

# ਗੁਰ ਮੂਰਤਿ ਗੁਰ ਸਬਦੁ ਹੈ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਨਿਰਣਾ ਕਰਨ ਜੋਗ ਗੱਲ ਗੁਰੂ ਜੀ ਦੀਆਂ ਮਨੋ-ਕਲਪਤ ਮੂਰਤਾਂ ਹਨ। ਗੁਰੂ ਮੂਰਤਿ ਨੂੰ ਕਈ ਭਲੇ ਪੁਰਖ ਮਨ ਟਿਕਾਉਣ ਦਾ ਸਾਧਨ ਜਾਣ ਕੇ ਆਪਣੇ ਅਖਬਾਨਾਂ ਤੇ ਰਖਦੇ ਹਨ। ਬਲਕਿ ਵੇਖੋ ਵੇਖੀ ਅਜਿਹੀਆਂ ਮੂਰਤਾਂ ਨੂੰ ਸਾਡੇ ਗੁਰਦੁਆਰਿਆਂ ਵਿਚ ਭੀ ਸਤਿਕਾਰਿਆ ਜਾਂਦਾ, ਅਤੇ ਕਈ ਥਾਈਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਅਗੇ ਰਖ ਕੇ, ਇਨ੍ਹਾਂ ਸਾਹਮਣੇ ਮੱਥਾ ਟਿਕਾਇਆ ਜਾਂਦਾ ਹੈ। ਕਈ ਸ਼੍ਰੋਮਣੀ ਗੁਰਦੁਆਰਿਆਂ ਵਿਚ ਅਜਿਹੀ ਗੁਰ-ਮੂਰਤਿ ਅਗੇ ਮਾਇਆ ਅਤੇ ਫੁੱਲਾਂ ਦੀਆਂ ਭੇਟਾਂ ਚੜ੍ਹਾਈਆਂ ਅਤੇ ਮੱਥੇ ਰਗੜੇ ਜਾਂਦੇ ਹਨ। ਇਹ ਵਡੀ ਮਨਮਤਿ ਹੈ ਅਤੇ ਅਜਿਹਾ ਕਰਨ ਵਾਲੇ ਸੱਜਣ, ਤਥਾ ਗੁਰਦੁਆਰਾ ਪ੍ਰਬੰਧਕ ਸਿੱਖੀ ਦੇ ਮੁਢਲੇ ਅਸੂਲ ਦਾ ਹੀ ਘਾਤ ਕੇਵਲ ਇਸ ਲਈ ਕਰਦੇ ਹਨ ਕਿ ਇਸ ਤਰ੍ਹਾਂ ਦੀ ਮੂਰਤਿ-ਪੂਜਾ ਤੋਂ ਉਨ੍ਹਾਂ ਦੀ ਗੋਲਕ ਚੰਗੀ ਭਰਦੀ ਹੈ।

ਸਾਨੂੰ ਇਹ ਗੱਲ ਨਿਸਚੇ ਕਰ ਲੈਣੀ ਚਾਹੀਦੀ ਹੈ ਕਿ ਅਸੀਂ ਨਿਰੋਲ ਸ਼ਬਦ-ਗੁਰੂ ਦੇ ਹੀ ਪੁਜਾਰੀ ਹਾਂ—

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੮॥੧॥

[ਸੋਰਠਿ ਮ. ੧, ਪੰਨਾ ੬੩੫

ਅਤੇ ਸ਼ਬਦ ਦਾ ਸੰਗ੍ਰਹਿ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਨ੍ਹਾਂ ਦੇ ਪ੍ਰਕਾਸ਼ ਸਦਕਾ ਹੀ ਅਸੀਂ ਕਿਸੇ ਅਸਥਾਨ ਦਾ ਸਤਿਕਾਰ ਕਰਦੇ ਅਤੇ ਉਸ ਅਸਥਾਨ ਨੂੰ ਗੁਰੂ-ਦੁਆਰਾ ਕਹਿੰਦੇ ਹਾਂ। ਜੇ ਗੁਰੂ-ਦੁਆਰੇ ਜਾ ਕੇ ਭੀ ਅਸੀਂ ਮੂਰਤਿ ਅਗੇ ਸਿਰ ਝੁਕਾਉਣਾ ਹੈ ਤਾਂ ਅਸੀਂ ਉਸ ਅਸਥਾਨ ਦੀ ਅਹਿਮੀਅਤ ਘਟਾਉਂਦੇ ਅਤੇ ਜਗਤ-ਗੁਰਦੇਵ ਦੇ ਅਸਥਾਨ ਨੂੰ ਹਿੰਦੂਆਂ ਦੇ ਪੂਜਾ-ਅਸਥਾਨਾਂ ਵਾਂਗ ਮੂਰਤੀ-ਪੂਜਾ ਅਸਥਾਨ ਬਣਾ ਰਹੇ ਹਾਂ। ਪੰਥ ਦੇ ਮੁਖੀਆਂ ਅਤੇ ਗੁਰਮਤਿ ਵਿਦਵਾਨਾਂ ਨੂੰ ਇਸ ਉਤੇ ਡੂੰਘੀ ਵਿਚਾਰ ਕਰ ਕੇ ਮੂਰਤੀ-ਪੂਜਾ ਵਿਰੁਧ ਦਲੇਰੀ ਨਾਲ ਕਦਮ ਪੁਟਣਾ ਚਾਹੀਦਾ ਹੈ। ਵਰਨਾ ਡਰ ਹੈ ਕਿ ਸਮਾਂ ਪਾ ਕੇ ਸਾਡੇ ਗੁਰੂ-ਦੁਆਰੇ ਮੂਰਤੀ-ਮੰਦਰਾਂ ਦਾ ਹੀ ਰੂਪ ਲੈ ਲੈਣਗੇ।

ਸੁਆਰਥੀ ਲੋਕ ਗੁਰੂ-ਬਾਣੀ ਦੀ ਤੁਕ—

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ [ਗੋਂਡ ਮ: ੫, ਪੰਨਾ ੮੬੪

ਸੁਣਾ ਕੇ ਅਤੇ 'ਮੂਰਤਿ' ਦੇ ਅਰਥ ਤਸਵੀਰ ਕਰ ਕੇ ਸਾਧਾਰਨ ਲੋਕਾਂ ਨੂੰ ਟਪਲਾ ਲਾ ਲੈਂਦੇ ਹਨ। ਅਜਿਹੇ ਸਜਣਾਂ ਦੀ ਗਿਆਤ ਲਈ ਦਸਿਆ ਜਾਂਦਾ ਹੈ ਕਿ ਬੋਲੀ ਅੰਦਰ ਕਈ ਪਦ ਦੋ ਦੋ ਤਿੰਨ ਤਿੰਨ ਜਾਂ ਵਧੇਰੇ ਅਰਥ ਰਖਦੇ ਹਨ, ਉਨ੍ਹਾਂ ਵਿਚ ਹੀ 'ਮੂਰਤਿ' ਸ਼ਬਦ ਹੈ, ਜਿਸ ਦਾ ਉਕਤ ਤੁਕ ਅੰਦਰ ਅਰਥ 'ਹੋਂਦ' ਜਾਂ 'ਹਸਤੀ' ਦਾ ਹੈ, ਜਿਸ ਤਰ੍ਹਾਂ ਮੂਲ-ਮੰਤਰ ਅੰਦਰ 'ਅਕਾਲ ਮੂਰਤਿ' ਦੇ ਅਰਥ 'ਕਾਲ ਰਹਿਤ ਹੋਂਦ' ਦੇ ਹਨ। ਇਸ ਪੰਕਤੀ ਤੋਂ ਅਗਲੀ ਤੁਕ ਅੰਦਰ ਗੁਰੂ ਜੀ 'ਮੂਰਤਿ' ਬਾਰੇ ਆਪਣੇ ਵਿਚਾਰ ਸਪੱਸ਼ਟ ਕਰ ਦੇਂਦੇ ਹਨ—

ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ [ਗੋਂਡ ਮ: ੫, ਪੰਨਾ ੮੬੪

ਇਹ ਖ਼ਿਆਲ ਕਿ ਕਿਸੇ ਮੂਰਤੀ ਉਤੇ ਧਿਆਨ ਸੌਖਾ ਟਿਕਦਾ ਹੈ, ਭੀ ਠੀਕ ਨਹੀਂ। ਪੂਜ ਹਸਤੀ ਦੇ ਗੁਣਾਂ ਦਾ ਧਿਆਨ ਸਭ ਤੋਂ ਸ੍ਰੇਸ਼ਟ ਧਿਆਨ ਹੈ; ਕਿਉਂਕਿ ਗੁਣ ਧਿਆਨ ਵਿਚ ਲਿਆਉਣ ਨਾਲ ਉਸ ਦੀ ਵਡਿਆਈ ਮਨ ਅੰਦਰ ਦ੍ਰਿੜ੍ਹ ਹੁੰਦੀ ਅਤੇ ਉਸ ਦੇ ਗੁਣਾਂ ਦਾ ਸਦਕਾ ਉਸ ਦੇ ਲਈ ਸਤਿਕਾਰ ਤੇ ਪਿਆਰ ਪੈਦਾ ਹੁੰਦਾ ਹੈ। ਬਲਕਿ ਪਿਆਰੇ ਦੇ ਗੁਣ ਚਿਤਵਦਾ ਹੋਇਆ ਮਨ ਅਸਚਰਜਤਾ ਅੰਦਰ ਲੀਨ ਹੁੰਦਾ ਜਾਂਦਾ ਹੈ ਅਤੇ ਵਿਸਮਾਦ ਦੀ ਭਾਵਨਾ ਜਾਗਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਇ ॥ ਵੇਦੁ ਨ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ ॥
ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ ॥ ਵਾਰ ੯/੧੩


www.AKJ.Org

# ਭਾਈ ਫੇਰੂ ਜੀ

[ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ, ਲੁਧਿਆਣਾ]

ਸੇ ਦਾੜੀਆ ਸਚੀਆ, ਜਿ ਗੁਰ ਚਰਨੀ ਲਗੰਨਿ ॥
ਅਨਦਿਨੁ ਸੇਵਨਿ ਗੁਰੁ ਆਪਣਾ, ਅਨਦਿਨੁ ਅਨਦਿ ਰਹੰਨਿ ॥੫੨॥ (੧੪੧੯)

ਵਾਹ ! ਵਾਹ ! ਅੰਮ੍ਰਿਤ ਵੇਲਾ ਹੈ—ਤ੍ਰਿਪਹਿਰਾ ਅਜੇ ਨਹੀਂ ਹੋਇਆ। ਸਾਰੇ ਪਾਸੀਂ ਚੁਪ ਸ਼ਾਂਤੀ ਦਾ ਰਾਜ ਹੈ, ਖੇਤਰ, ਬਨਸਪਤਿ ਚਾਰ ਚੁਫੇਰੇ ਅਜਿਹਾ ਟਿਕਾਉ ਸੁਹਾਉ ਹੈ ਜੋ ਦੁਰੇਡੇ ਦਾ ਖੜਾਕ ਵੀ ਸਪੱਸ਼ਟ ਸੁਣਾਈ ਦੇ ਜਾਂਦਾ ਹੈ। ਚੰਦਰਮਾ ਦੀ ਸੀਤਲ ਚਾਂਦਨੀ ਵੀ ਸ਼ਾਂਤ ਰੂਪ ਧਰਤੀ ਪੁਰ ਅਜਿਹੇ ਪੋਲੇ ਪੋਲੇ ਆ ਟਿਕ ਜਾਂਦੀ ਹੈ ਮਾਨੋ ਟਿਕਾਉ ਦੀ ਜੋਗ ਤਾੜੀ ਨੂੰ ਹਿਲਾਣੋਂ ਕੰਬਦੀ ਹੈ।

ਅਜਿਹੇ ਸ਼ਾਂਤ ਪ੍ਰਭਾਵੀ ਸਮੇਂ ਸੁਰਤ ਸੁਤੇ ਹੀ ਇਕੱਠੀ ਹੁੰਦੀ ਜਾਂਦੀ ਹੈ। ਸ਼ੌਰੀਲੇ ਨੈਣ ਘੂਕ ਸੁਤੇ ਪਏ ਹਨ। ਦੁਨੀਆ ਦੀ ਹੈ ਹੈ, ਖਹਿ ਖਹਿ ਦਾ ਮਾਨੋ ਅੰਤ ਹੋ ਚੁਕਾ ਹੈ।

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ ॥੧੩॥ [ਸਲੋਕ ਮ: ੫—੧੪੨੫

ਨਾ ਕੋਈ ਪੱਤਰ ਹਿਲਦਾ ਹੈ, ਨਾ ਕੋਈ ਟਾਹਣ ਝੂਮਦੇ ਹਨ, ਉਡਣ ਪੰਖੇਰੂ ਭੀ ਆਪਣੀ ਫੜਫੜਾਹਟ ਛਡ ਚਹਿ ਚਹਿ ਬੰਦ ਕਰ ਕੇ ਸ਼ਾਂਤ ਹਨ।!

ਹਾਂ ਜੀ, ਅਜਿਹੇ ਸ਼ਾਂਤ ਇਕਾਂਤ ਸਮੇਂ ਕੌਣ ਜਾਗ ਰਹੇ ਹਨ—ਕੋਈ ਸਚੇ ਸ਼ਾਹਿਬ ਦੇ ਰੰਗ-ਰਤੜੇ, ਜਿਨ੍ਹਾਂ ਨੂੰ ਕੋਈ ਅੰਦਰਲੀ ਜਾਗ ਖੁਲ੍ਹੀ ਹੈ—ਜਿਨ੍ਹਾਂ ਨੂੰ ਸੋਝੀ ਪਈ ਹੈ ਏਸ਼ ਰਚਨਾ ਦੇ ਰਚਨਹਾਰ ਸਿਰਜਨਹਾਰ ਦੀ। ਹਾਂ ਜੀ, ਜਿਨ੍ਹਾਂ ਨੂੰ ਦਿਸਦੇ ਦੇ ਪਿਛੇ ਅਣਦਿਸਦੇ ਦੀ ਧੂਹ ਪਈ ਹੈ। ਮੂਲ ਕਾਰਨ ਦੀ ਸੋਚ ਵੀਚਾਰ ਸਫੁਰੀ ਜਾਗ ਰਹੇ ਹਨ। ਸੁਚੇਤ ਹੋ, ਲਿਵਾਂ ਲਾ ਬੈਠੇ ਹਨ- ਚੁਪ ਸ਼ਾਂਤ ਇਕਾਗਰਤਾ ਦੇ ਸਾਂਝੀਵਾਲ ਹੋ...।

ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥੩॥੩॥ (੧੧੮੦)

ਦੇ ਸਚੇ ਰੰਗ ਮਾਣ ਰਹੇ ਹਨ। ਸਾਈਂ-ਰੰਗ-ਰੱਤੜੇ ਇੰਜ ਕੁਦਰਤ ਦੇ ਇਕਾਂਤ ਸੁਹਾਉ ਨੂੰ ਸਫਲ ਕਰ ਰਹੇ ਹਨ। ਹਾਂ ਜੀ, ਕਾਦਰ ਦੇ ਅੰਕਿਤ ਫੁਹਾਰਾਂ-ਵਰਾਹੁੰਦੇ ਅੰਮ੍ਰਿਤ ਵੇਲੇ ਨੂੰ ਸੰਭਾਲ ਬੈਠੇ ਹਨ ਗੁਰੂ ਨਾਨਕ ਸੰਵਾਰੇ... ।

—ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨਾ ਮਨਿ ਚਾਉ ॥੨॥੫॥
(ਆਸਾ ਦੀ ਵਾਰ, ਮ: ੧)

—ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥
ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥੨॥੨॥ (ਬਿਲਾਵਲੁ ਮ: ੧—੮੪੪

—ਭਿੰਨੀ ਰੈਨੜੀਏ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥
(ਆਸਾ ਮ: ੪ ਛੰਤ, ਪੰਨਾ ੪੫੯

—ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥



www.AKJ.Org

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥੧॥੧੮॥ [ਸਲੋਕ ਮ: ੨, ਪੰਨਾ ੧੪੬

—ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥

ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥੧੬॥ [ਡਖਣੇ ਮ: ੫—੧੦੯੯

ਇਸ ਸੁਹਾਉ ਪ੍ਰਭਾਉ ਦੇ ਅੰਮ੍ਰਿਤੀ ਇਕਾਂਤ ਸਮੇਂ ਪਿੰਡ ਦੇ ਖੂਹ ਪੁਰ ਡੋਲ ਦੇ ਖੜਕਾਰ ਦੀ ਵਾਜ ਆਈ। ਇਕ ਸੁੰਦਰ ਸਜੀਲੀ ਨੁਹਾਰ! ਪਲਮਦਾ ਦਾੜ੍ਹਾ, ਰਸੀਲੇ ਨੈਣ, ਸਾਬਤ ਸੂਰਤ ਗੁਰਮੁਖ ਜੀ ਇਸ਼ਨਾਨ ਦੇ ਆਹਰੇ ਲਗੇ ਹਨ।

ਵਾਹ! ਵਾਹ! ਅੰਮ੍ਰਿਤ-ਮਈ ਬਾਣੀ ਅਲਾਪਦਿਆਂ ਸਕੇਸ਼ ਇਸ਼ਨਾਨ ਸੋਧਿਆ, ਬਸਤਰ ਸਜਾਏ ਅਤੇ ਸਹਜ-ਸਮਾਜ-ਅਗਾਧ ਵਿਚ ਲਿਵਲੀਨ ਹੋ ਨਾਮ ਅਭਿਆਸ ਵਿਚ ਜੁਟ ਗਏ। ਇਕ ਹੋਰ ਸਰੀਰ ਵੀ ਇਕਾਂਤ-ਗੁਫਾ ਦੇ ਰਸਲੀਨ ਪ੍ਰਭਾਵ ਦੇ ਗਿਝੇ ਨਾਲ ਆ ਜੁਟੇ। ਭਜਨ ਗੁਫਾ ਨਾਮ ਰਸ ਮਗਨਤਾ ਵਿਚ ਮਧੁਰ ਮਧੁਰ ਸੁਰ ਨਾਲ ਨਿਤਨੇਮ ਦੀਆਂ ਬਾਣੀਆਂ ਦਾ ਉਚਾਰਨ ਅਤੇ ਸੰਗ ਸਾਥ ਹੀ ਨਾਮ ਅਭਿਆਸ ਦਾ ਖੰਡਾ (ਹਰਿ ਨਾਮ ਖੱਗ) ਖੜਕਣ ਲਗਾ। ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭਣ ਤੀਕ ਦੋ ਸਰੀਰ ਹੋਰ ਭੀ ਆ ਜੁੜੇ। ਖ਼ੂਬ ਨਾਮ ਰੰਗ ਵਿਚ ਗੁਰਬਾਣੀ ਦਾ ਉਚਾਰਨ ਹੋਇਆ। ਉਪ੍ਰੰਤ ਸਾਜ ਖੁਲ੍ਹੇ, ਸਵਾਈ ਸੰਗਤ ਹੋਰ ਭੀ ਆ ਜੁੜੀ। ਹੁਣ ਹੋਰ ਵੁਟਾਲਾ ਭੀ ਹੋ ਗਿਆ ਅਤੇ ਜੁੜੀ ਸੰਗਤ ਨੇ ਕੀਰਤਨ ਆਰੰਭਿਆ :—

"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥

ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥੬॥ (ਸਲੋਕ ਮ: ੫)

ਕੀਰਤਨ ਗਾਂਦਿਆਂ ਗਾਂਦਿਆਂ ਏਸ ਗੁਰਮੁਖ ਜੀ ਦੇ ਸੀਨੇ, ਹਾਂ ਜੀ ਕੂਕਾਂ, ਕਲਗੀ ਵਾਲੇ ਦਰਸ-ਪਿਆਸ-ਮਿਲਾਪ ਦੀਆਂ ਤਾਂਘਾਂ ਪ੍ਰਜੁਲਤ ਹੋ ਆਈਆਂ ਅਤੇ ਤੀਬਰ ਬੈਰਾਗ ਦੇ ਹੜ ਲੈ ਆਈਆਂ। ਸ਼ਬਦ ਜੋ ਉਮਲ ਉਮਲ ਅੰਦਰੋਂ ਉਠਿਆ, ਸੋ ਸੀ :—

ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥

ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੁਲਾਈਆ ॥

ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥

ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥

ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥

ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥

ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥

ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥੧੨॥ [ਵਾਰ ਮਾਰੂ ਡਖਣੇ ਮ; ੫—੧੦੯੮

ਇਹ ਸ਼ਬਦ-ਪੰਕਤੀਆਂ ਅਣਗਿਣਤ ਵਾਰੀ ਅਲਾਪੀਆਂ ਗਈਆਂ। ਸੋਹਣੇ ਨੈਣ ਤ੍ਰਿਪ ਤ੍ਰਿਪ ਹੰਝੂ ਕੇਰ ਰਹੇ ਹਨ, ਸੀਨੇ ਸਾਂਗਾਂ ਲਗ ਰਹੀਆਂ ਹਨ ਤੇ ਠਲ੍ਹ ਨਹੀਂ ਪੈਂਦੀ। ਮੈਂਡੇ ਗੁਰੂ ਗੋਬਿੰਦ ਸਿੰਘ ਜੀਓ! ਤੇਰੇ ਕੱਤਿਆਂ ਤੋਂ ਸਦਕੇ!

ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥

ਫੇਰ ਰਹਾਉ ਤੋਂ ਮੋੜੇ ਪਾ ਪਾ ਸਤਿਗੁਰੂ ਕਲਗੀਆਂ ਵਾਲੜੇ ਜੀ ਦੀ ਧਿਆਨ ਮਹਾਨਤਾ ਵਿਚ ਸ਼ਬਦਾਂ ਦੀਆਂ ਪੰਗਤੀਆਂ ਗੁਰਮੁਖ ਜੀ ਦੁਹਰਾਈ ਗਏ, ਅੰਦਰੋਂ ਬ੍ਰਿਹਾ ਦੇ ਬੱਦਲ ਉਮਡ ਉਮਡ ਨੈਣਾਂ ਚੋਂ ਝੜੀ ਲਾਈ ਜਾਵਣ, ਕੁਝ ਅਜਿਹੇ ਭਾਵ ਉਦੇ ਹੋਏ ਕਿ ਹੇ ਸੱਚੇ ਪਾਤਿਸ਼ਾਹ ਗੁਰੂ ਦਾਤੇ ਕਲਗੀਧਰ ਜੀਓ! ਜਿਉਂ ਜਾਣੋ, ਹੁਣ ਦਰਸ਼ਨ ਤੋਂ ਵਾਂਜਿਆਂ ਨਾ ਰਖੋ ਅਤੇ ਕਿਵੇਂ ਆਪਣੇ ਨਿਕਟ ਬੁਲਾਵੋ ਜੀ।

ਕੀਰਤਨ ਅਲਾਪ ਹੋ ਹੀ ਰਿਹਾ ਸੀ ਜੁ ਗੁਰਸਿਖਾਂ ਦਾ ਇਕ ਜੱਥਾ ਏਸ ਅਸਥਾਨ ਦੀਵਾਨ ਵਿਚ ਪੁਜਾ।


www.AKJ.Org

ਡਾਢੇ ਮਿੱਠੇ ਮਿੱਠੇ ਪਿਆਰੇ ਪਿਆਰੇ ਗੁਰਸਿਖ—ਹੰਸੂ ਹੰਸੂ ਕਰਦੇ ਚਿਹਰੇ ਨਾਮ ਅਭਿਆਸੀ ਨੈਣ, ਦਮਕਦੇ ਮਸਤਕ ਵਿਚੋਂ ਦੋ ਕੁ ਵੀਰ ਤਾਂ ਅਜਿਹੇ ਜੋ ਭਾਈ ਸਾਹਿਬ ਨੂੰ ਕਲਗੀਆਂ ਵਾਲਾ ਦਿਸੇ। ਉਹਨਾਂ ਦੋਹਾਂ ਵੀਰਾਂ ਦੀ ਰਹਿਤ ਬਹਿਤ ਵਿਚੋਂ ਸੋਹਣੇ ਦੀਦਾਰ ਪਰਸ ਕੇ, ਸ਼ੁਕਰਾਨੇ ਵਿਚ ਭਰ ਕੇ, ਗੁਰਮੁਖ ਭਾਈ ਸਾਹਿਬ ਜੀ ਨੇ ਇਹ **ਸ਼ਬਦ ਗਾਇਆ :—**

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥ (ਤਿਲੰਗ ਮ: ੪)

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥
ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥
ਜਿਨ ਸਤਿਗੁਰ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥ (ਪੰਨਾ ੭੨੫)

ਕੀਰਤਨ ਦਾ ਭੋਗ ਪਿਆ ਤਾਂ ਇਹ ਗੁਰਸਿਖ ਜੀ ਆਏ ਪ੍ਰਾਹੁਣੇ ਸੰਤ ਗੁਰਸਿਖਾਂ ਦੀ ਸੇਵਾ ਦੇ ਆਹਰੇ ਲਗੇ। ਜਿਥੇ ਇਹ ਚਰਨ ਧਰਨ, ਹੇਠਾਂ ਭਾਈ ਸਾਹਿਬ ਨੈਣ ਵਿਛਾਉਣ। ਰੱਜ ਕੇ ਸੇਵਾ ਕੀਤੀ, ਪ੍ਰਸ਼ਾਦ ਪਾਣੀ ਛਕਾਇਆ, ਬਸਤਰ ਧੋ ਦਿਤੇ, ਜੋੜੇ ਸਾਫ਼ ਕੀਤੇ ਅਤੇ ਬਿਸਰਾਮ-ਆਸਨ ਦੇ ਸਰ-ਅੰਜਾਮ ਦਿਤੇ। ਏਸ ਸੰਗਰਾਂਦ ਜੋ ਕਾਰ ਭੇਟ ਸੰਗਤਾਂ ਵਲੋਂ ਦਾ ਵੰਧ ਗੁਰੂ ਲੇਖੇ ਕਢਿਆ ਗਿਆ ਸੀ ਅਤੇ ਏਸ ਗੁਰਮੁਖ ਜੀ ਦੇ ਹਵਾਲੇ ਹੋਇਆ ਸੀ, ਉਹ ਬਹੁਤ ਸਾਰਾ ਇੰਜ ਗੁਰਸਿੱਖਾਂ ਅਤਿਥੀਆਂ ਦੀ ਸੇਵਾ ਵਿਚ ਹੀ ਲੇਖੇ ਲਗਾਇਆ।

ਐਤਕਾਂ ਸਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਪੁਜਣ ਦੀਆਂ ਤਾਂਘਾਂ ਪ੍ਰਬਲ ਸਨ ਅਤੇ ਚਾਹੁੰਦੇ ਸਨ ਜੁ ਕੁਝ ਸੰਕੋਚ ਨਾਲ ਵਰਤ ਕੇ ਜਾ ਹਾਜ਼ਰ ਕਰਨ, ਪਰੰਤੂ :—

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥੪੧॥ (ਗਉੜੀ ਗੁਆਰੇਰੀ ਮ: ੪—੧੬੪

ਦੇ ਭਾਵਾਂ ਅਧੀਨ ਇਹ ਗੁਰਮੁਖ ਸੰਕੋਚ-ਸੰਜਮ ਮਾਇਆ ਦਾ ਨਾ ਹੀ ਕਰ ਸਕੇ। ਸੋ ਇਸ ਜਥੇ ਦੇ ਗੁਰਸਿੱਖਾਂ ਨੂੰ ਬਿਰਾਜਮਾਨ ਕਰਾ ਕੇ ਆਏ ਹੀ ਸਨ, ਜੋ ਸਾਹਵੇਂ ਤੋਂ ਦੋ ਬਹੁਤ ਗਰੀਬ ਆਤੁਰ ਫਟੇ ਹੋਏ ਬਸਤਰ ਪਾਈ ਭਾਈ ਫੇਰੂ ਸਾਹਿਬ ਦਾ ਡੇਰਾ ਪੁਛਦੇ ਆ ਪੁਜੇ। ਇਕ ਦੁਖੀਆ ਤਾਪ ਨਾਲ ਨਿਢਾਲ ਸੀ ਅਤੇ ਦੂਜੇ ਦੇ ਸਹਾਰੇ ਏਸ ਡੇਰੇ ਤਾਈਂ ਪੁਜਾ ਸੀ। ਭਾਈ ਫੇਰੂ ਸਾਹਿਬ (ਜਿਨ੍ਹਾਂ ਦਾ ਸਾਰਾ ਬ੍ਰਿਤਾਂਤ ਵਰਣਨ ਹੋਇਆ ਹੈ) ਆਪੂੰ ਸੇਵਾ ਤੋਂ ਸੁਰਖ਼ਰੂ ਹੋ ਕੇ ਪ੍ਰਸ਼ਾਦ ਛਕਣ ਹੀ ਲਗੇ ਸਨ, ਜੋ ਇਹ ਡੇਰੇ ਪੁਜੇ। ਸਤਿਗੁਰੂ ਗੁਰੂ ਅਮਰ ਦਾਸ ਸਾਹਿਬ ਜੀ ਦੀ ਮਿਹਰ ਮਨ ਚੇਤੇ ਕਰ ਭਾਈ ਸਾਹਿਬ ਜੀ ਆਪਣੇ ਪ੍ਰਸ਼ਾਦੇ ਨੂੰ ਛੱਡ ਕੇ ਉਹਨਾਂ ਗਰੀਬਾਂ ਦੀ ਸੇਵਾ ਦੇ ਆਹਰੇ ਲਗੇ। ਯਥਾ ਯੋਗ ਦਵਾਈ ਦਾਰੂ ਦੁੱਧ ਆਦਿ ਦੇ ਕੇ ਵਿਸਰਾਮ ਦਿਤਾ। ਪਿਛੋਂ ਆਪੂੰ ਪ੍ਰਸ਼ਾਦਾ ਛਕਣ ਲਗੇ। ਅਜੇ ਛਕਦੇ ਹੀ ਸਨ, ਜੁ ਬਾਹਰੋਂ ਦਰਵਾਜ਼ੇ ਪੁਰ ਇਕ ਹੋਰ ਦੁਖੀਏ ਦੀ ਆਵਾਜ਼ ਆਈ, "ਭਾਈ ਫੇਰੂ ਸਾਹਿਬ ਜੀ, ਕਲਗ਼ੀਆਂ ਵਾਲੇ ਦੇ ਵਾਸਤੇ ਮੇਰੀ ਪੁਕਾਰ ਸੁਣਨੀ।" ਭਾਈ ਸਾਹਿਬ ਜੀ ਇਹ ਵਾਸਤਾ ਸੁਣ ਕੇ ਕੰਬ ਗਏ ਅਤੇ ਬੁਰਕੀ ਮੂੰਹੋਂ ਡਿਗ ਪਈ। ਝਟ ਬਾਹਰ ਦਰਵਾਜ਼ੇ ਪੁਰ ਆਏ ਤਾਂ ਸਾਹਮਣੇ ਇਕ ਲੰਗੜਾ ਅਪਾਹਜ ਖੜਾ ਸੀ, ਜਿਸ ਦੀ ਲੱਕੜ ਦੀ ਟੰਗ, ਪਿੰਡ ਵਿਚ ਮੰਗਦੇ ਦੀ, ਸ਼ਰਾਰਤੀ ਮੁੰਡਿਆਂ ਨੇ ਖੋਹ ਕੇ ਖ਼ਬਰੇ ਕਿਧਰ ਵਗਾਹ ਮਾਰੀ ਸੀ।

ਭਾਈ ਸਾਹਿਬ ਦੇ ਉਦਮ ਨਾਲ ਮੁੰਡੇ ਕੱਠੇ ਕਰ ਪਤਾ ਕੀਤਾ ਤਾਂ ਪਿੰਡ ਦੇ ਛੱਪੜ ਵਿਚ ਸੁੱਟੀ ਸੀ, ਸੋ ਕਢਵਾ ਕੇ ਉਹਦੇ ਹਵਾਲੇ ਕੀਤੀ ਅਤੇ ਤਰਖਾਣ ਨੂੰ ਕੁਝ ਮਾਇਆ ਦੇ ਕੇ ਇਕ ਵਾਧੂ ਹੋਰ ਵੀ ਬਣਵਾ ਦਿਤੀ।

ਉਸ ਲੰਗੜੇ ਭਾਈ ਨੂੰ ਕਿਹਾ ਕਿ ਆਪਣ ਕੋਲ ਇਹ ਵਾਧੂ ਰਖ ਛੱਡ, ਜਦ ਲੋੜ ਪਵੇ ਤਾਂ ਵਰਤ ਲਿਆ ਕਰ ਅਤੇ ਸਚੇ ਪਾਤਿਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਅਰਸ਼ ਕੁਰਸ ਦੇ ਮਾਲਿਕ ਦਾ ਇੰਜ ਵਾਸਤਾ ਨਾ ਕਰ।

ਇਹ ਸਾਰਾ ਕੁਝ ਗੁਰਸਿੱਖਾਂ ਦੇ ਜਥੇਦਾਰ ਜੀ ਨੇ, ਜੋ ਆਪੂੰ ਬਿਰਾਜੇ ਸਨ, ਪਰ ਸੌਂ ਨਹੀਂ ਸਨ ਸਕੇ, ਆਪਣੇ ਅੱਖੀਂ ਡਿਠਾ। ਲੰਗਰ ਗੁਰੂ ਕਾ ਅਤੁਟ ਵਰਤਦਾ ਸੀ। ਆਏ ਅਥਿਤੀ, ਸਾਧ ਸੰਤ, ਲੂਲ੍ਹੇ-ਲੰਗੜੇ, ਅੰਨ੍ਹੇ ਮੁਹਤਾਜਾਂ ਦੀ ਸੇਵਾ ਖ਼ੂਬ ਸਚੇ ਪਾਤਿਸ਼ਾਹ ਜੀ ਦੇ ਹੁਕਮਾਂ ਅਨੁਸਾਰ ਨਿਭਾਂਦੇ ਰਹੇ। ਸੋ ਇਹ ਭਾਈ ਸਾਹਿਬ—

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ (੧੩੬੫)

ਇਹ ਪ੍ਰਾਹੁਣੇ ਜਥੇ ਦੇ ਸਿੱਖ ਆਪਣੇ ਬਿਸਰਾਮ ਅਮਲਾਂ ਤੋਂ ਸਾਵਧਾਨ ਹੋਏ ਤਾਂ ਉਨ੍ਹਾਂ ਦੇ ਜਥੇਦਾਰ ਜੀ ਨੇ ਬਾਕੀ ਆਪਣੇ ਸਾਥੀਆਂ ਨੂੰ ਭੀ ਭਾਈ ਸਾਹਿਬ ਭਾਈ ਫੇਰੂ ਸਾਹਿਬ ਜੀ ਦੀ ਸੇਵਾ, ਪਰਉਪਕਾਰ ਦਾ ਬ੍ਰਿਤਾਂਤ ਸੁਣਾਇਆ ਤਦ ਵਿਚਾਰ ਕਰਨ ਲਗੇ ਜੋ ਭਾਵੇਂ ਇਹ ਮਸੰਦ ਹਨ, ਪਰੰਤੂ ਅਸੀਂ ਤਾਂ ਇਹਨਾਂ ਦੇ ਜੋੜਿਆਂ ਦੀ ਤੁਲ ਦਾ ਭੀ ਨਹੀਂ ਰਖਦੇ। ਇਹ ਗੁਰੂ ਕਲਗੀਆਂ ਵਾਲੇ ਜੀ ਦੇ ਲਾਲ, ਸਚੇ ਪਾਤਿਸ਼ਾਹ ਜੀ ਦੇ ਹੁਕਮਾਂ ਪੁਰ ਰੋਮ ਰੋਮ ਕੁਰਬਾਨ, ਅਤੇ ਸਾਨੂੰ ਪਾਤਿਸ਼ਾਹ ਜੀ ਵਲੋਂ ਮਸੰਦਾਂ ਨੂੰ ਬੰਨ੍ਹ ਕੇ ਦਾੜ੍ਹੀਓਂ ਫੜ ਕੇ ਲੈ ਆਉਣ ਦਾ ਹੁਕਮ ਹੈ। ਵਾਹਿਗੁਰੂ! ਵਾਹਿਗੁਰੂ ਸਚੇ ਸਾਹਿਬ ਜੀ, ਪਾਤਿਸ਼ਾਹ ਜੀਓ, ਧੰਨ ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਜੀਓ, ਜੇਕਰ ਅਸੀਂ ਇਹ ਅਪਰਾਧ ਮਹਾਂ ਪੁਰਸ਼ ਭਾਈ ਸਾਹਿਬ ਭਾਈ ਫੇਰੂ ਜੀ ਪ੍ਰਥਾਇ ਭੀ ਕਮਾਈਏ ਤਦ ਦਸੋ ਸਾਨੂੰ ਕਿਹੜੀ ਦਰਗਾਹੇ ਢੋਈ ਦੇਸੋ? ਅਤੇ ਜੇਕਰ ਸਾਹਿਬ ਜੀਓ, ਅਸੀਂ ਆਪ ਜੀ ਦਾ ਹੁਕਮ ਮੋੜੀਏ ਤਦ ਕਿਹੜੀ ਠਾਹਰ ਸਾਨੂੰ ਝਲੂ? ਸੋ ਮਿਹਰਾਂ ਦਿਆ ਸੋਮਿਆ, ਸੋਝੀ ਬਖਸ਼ ਜੁ ਅਸੀਂ ਹੁਣ ਕੀ ਕਰੀਏ? ਪਰਸਪਰ ਵਿਚਾਰ ਕਰਦਿਆਂ ਇਹ ਮਤਾ ਪਕਿਆ ਕਿ ਭਾਵੇਂ ਦੂਣੀ ਵਾਟ ਕਰਨੀ ਪਵੇ, ਇਹ ਅਪਰਾਧ ਸਾਡਾ ਕਦੀ ਨਹੀਂ ਬਖ਼ਸ਼ਿਆ ਜਾਣਾ ਕਿ ਅਸੀਂ ਅਜਿਹੇ ਗੁਰਮੁਖ ਮਹਾ ਪੁਰਸ਼ ਜੀ ਦੀ ਬੇ-ਅਦਬੀ ਕਰੀਏ। ਸੋ ਕਮਰਕਸੇ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਪੁਜ ਕੇ ਸਚੇ ਪਾਤਿਸ਼ਾਹ ਜੀ ਨੂੰ ਸਾਰਾ ਹਾਲ ਦਸ ਕੇ ਹੁਕਮ ਲੈਣ ਦੀ ਠਾਣੀ।

ਕਮਰਕਸਿਆਂ ਦਾ ਅਰਦਾਸਾ ਸੋਧਣ ਹੀ ਲਗੇ ਸਨ ਜੁ ਪਰਉਪਕਾਰੀ ਭਾਈ ਫੇਰੂ ਸਾਹਿਬ ਸਾਰ ਲੈਣ ਆ ਗਏ। ਜਦ ਸੁਣਿਆ ਜੁ ਗੁਰੂ ਕੇ ਸਿੱਖਾਂ ਨੇ ਕਮਰਕਸੇ ਕੀਤੇ ਹਨ ਤਾਂ ਗਚ ਭਰ ਭਰ ਆਵੇ। ਹੰਝੂ ਠਲ੍ਹੇ ਨਾ ਜਾਵਣ। ਗੁਰੂ ਕੇ ਲਾਲੋ, ਮੈਥੋਂ ਕੀ ਬੇ-ਅਦਬੀ ਹੋਈ ਜੁ ਤੁਸੀਂ ਚਲੇ ਹੋ। ਨਾ ਜੀ ਵਾਸਤਾ ਜੇ ਆਪ ਦੇ ਚਰਨਾਂ ਦਾ, ਮੈਨੂੰ ਬਖਸ਼ ਲਵੋ, ਮੇਰੀਆਂ ਭੁਲਾਂ ਤੇ ਪਰਦਾ ਪਾਵੋ। ਦਾਸ ਹੋਰ ਆਹਰੇ ਲਗ ਗਿਆ। ਆਪ ਜੀ ਦੀ ਸੇਵਾ ਮੁਠੀ ਚਾਪੀ ਨ ਨਿਭਾਇ ਸਕਿਆ, ਪਰੰਤੂ ਇਕੇਰਾਂ ਹੁਣ ਆਪਣੀ ਵਡਿਆਈ ਵਿਚ ਬਖਸ਼ ਲਵੋ ਅਤੇ ਫੇਰ ਅਜਿਹੀ ਗ਼ਫ਼ਲਤ ਗੁਰੂ ਭਾਵੇ ਨਹੀਂ ਹੋਵੇਗੀ। ਸਾਰੇ ਗੁਰਸਿਖਾਂ ਦੇ ਨੈਣ ਭਰ ਆਏ। ਇਹ ਜੀਵਨ ਅਤੇ ਇਹ ਨਿਮ੍ਰਤਾ ਤਕ ਕੇ ਧੰਨ ਗੁਰੂ ਕੇ ਲਾਲ ਦੁਲਾਰੇ ਗੁਰਸਿਖ ਅਤੇ—

ਧੰਨ ਗੁਰੂ ਗੋਬਿੰਦ ਸਿੰਘ ਸਾਹਿਬ! ਧੰਨ ਗੁਰੂ ਗੋਬਿੰਦ ਸਿੰਘ ਸਾਹਿਬ!
ਧੰਨ ਗੁਰੂ ਗੋਬਿੰਦ ਸਿੰਘ ਸਾਹਿਬ! ਧੰਨ ਗੁਰੂ ਗੋਬਿੰਦ ਸਿੰਘ ਸਾਹਿਬ!

ਦੀ ਧੁਨੀ ਲਗ ਗਈ। ਬਸ ਬ੍ਰਿਹਾਂ ਨੇ ਕੜ ਪਾਟ ਪਏ ਅਤੇ ਭਾਈ ਫੇਰੂ ਸਾਹਿਬ ਗੁਰਸਿੱਖਾਂ ਦੇ ਸੰਗ ਸਾਥ ਸਿਫ਼ਤ ਸਲਾਹ ਵਿਚ ਜੁਟ ਗਏ। ਪਤਾ ਨਹੀਂ ਕਿਤਨਾ ਸਮਾਂ ਇੰਜ ਅਰਸ਼ੀ ਤ੍ਰੰਗਾਂ ਵਿਚ ਬਤੀਤ ਹੋ ਗਿਆ, ਜੁ ਸ਼ਾਮਾਂ ਢਲ ਆਈਆਂ। ਕਮਰਕਸੇ ਰਹਿ ਗਏ। ਸਾਰੇ ਬਾਹਰ ਖੇਤਾਂ ਵਿਚ ਮੈਦਾਨ ਪਾਣੀ ਤੋਂ ਮੁੜ ਕੇ ਆਥਣੇ ਸੋਦਰ ਦੀਵਾਨ ਵਿਚ ਆਏ ਜੁੜੇ। ਸੋਦਰ ਦਾ ਪਾਠ ਮਧੁਰ ਧੁਨੀ ਵਿਚ ਪਿਆਰਾਂ ਸਹਿਤ ਹੋਇਆ ਅਤੇ ਉਸ ਤੋਂ ਉਪ੍ਰੰਤ ਸ਼ਬਦ ਕੀਰਤਨ ਆਰੰਭ ਹੋ ਗਿਆ। ਉਹ ਭੀ ਭਾਈ ਫੇਰੂ ਸਾਹਿਬ ਜੀ ਦੀ ਚੰਦਨੀ ਮਹਿਕ-ਸੁਗੰਧ ਤੋਂ ਸੁਗੰਧਤ ਹੋਏ ਪਿੰਜਦੇ ਸਰੀਰ ਆਇ ਜੁੜੇ ਅਤੇ ਸਾਰੀ ਰਾਤ ਪ੍ਰੇਮ-ਅਲਾਪ-ਕੀਰਤਨ ਤੋਂ ਠਲ੍ਹ ਨ ਪਈ।

ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ ॥ ਵਾਰ ੨੦/੧੬


www.AKJ.Org

ਹਾਂ ਜੀ, ਸਵੇਰੇ ਭੋਗ ਪਿਆ ਤਾਂ ਇਹਨਾਂ ਗੁਰਸਿੱਖਾਂ ਨੇ ਮਸੰਦਾਂ ਦੀਆਂ ਕੁਰੀਤੀਆਂ ਅਤੇ ਜ਼ੁਲਮਾਂ ਦਾ ਸਾਰਾ ਬ੍ਰਿਤਾਂਤ ਭਾਈ ਫੇਰੂ ਸਾਹਿਬ ਨੂੰ ਦਸ ਕੇ ਆਪਣੇ ਉਹਨਾਂ ਪਾਸ ਪੁਜਣ ਦਾ ਮਨੋਰਥ ਦਸਿਆ ਕਿ ਇੰਜ ਸਚੇ ਸਾਹਿਬ—ਸਾਹਿਬੇ ਕਮਾਲ ਪਾਤਸ਼ਾਹ ਜੀ ਨੇ ਹੁਕਮ ਦਿਤਾ ਹੈ ਆਪਣੇ ਗੁਰਸਿੱਖਾਂ ਨੂੰ ਕਿ :—ਸਭ ਮਸੰਦਾਂ ਨੂੰ ਬੰਨ੍ਹ ਕੇ ਫੜ ਕੇ ਲੈ ਆਵੋ। ਇਹਨਾਂ ਨੇ ਗੁਰੂ ਕੀ ਮੋਹਰ ਦਾੜ੍ਹੀ ਨੂੰ ਲਾਜ ਲਾਈ ਹੈ, ਪਰੰਤੂ ਅਸੀਂ ਆਪ ਜੀ ਦਾ ਚੰਦਨ ਵਤ ਸੁਗੰਧਤ ਜੀਵਨ ਤਕ ਕੇ ਧਾਰਨਾ ਧਾਰੀ ਸੀ, ਜੋ ਅਸੀਂ ਨਾ ਤੇ ਸਤਿਗੁਰੂ ਜੀ ਦਾ ਹੁਕਮ ਹੀ ਮੋੜ ਸਕਦੇ ਹਾਂ ਅਤੇ ਨਾ ਹੀ ਇਹ ਨਾ-ਬਖਸ਼ਿਆ ਜਾਣ ਵਾਲਾ ਅਪਰਾਧ ਹੀ ਕਮਾ ਸਕਦੇ, ਜੁ ਆਪ ਸਾਰਖੇ ਗੁਰੂ ਕੇ ਲਾਲਾਂ ਮਹਾਂ ਪੁਰਸ਼ ਦੀ ਬੇ-ਅਦਬੀ ਕਰ ਸਕੀਏ। ਸੋ ਕਲ੍ਹ ਵਾਪਸ ਸ੍ਰੀ ਅਨੰਦਪੁਰ ਸਾਹਿਬ ਕਮਰਕਸੇ ਕੀਤੇ ਸਨ ਕਿ ਸਚੇ ਪਾਤਸ਼ਾਹ ਜੀ ਪਾਸੋਂ ਪ੍ਰਥਾਇ ਹੁਕਮ ਲੈ ਆਈਏ, ਜੁ ਤੁਸਾਂ ਦੇ ਪ੍ਰੇਮ ਪ੍ਰਾਇਣ ਹੋ ਇਹ ਗੱਲ ਇਉਂ ਸਿਰੇ ਨਾ ਚੜ੍ਹੀ। ਹੁਣ ਆਗਿਆ ਬਖਸ਼ੋ ਤਾਂ ਅਸੀਂ ਕਲਗੀਆਂ ਵਾਲੇ ਸਾਹਿਬੇ ਕਮਾਲ ਜੀ ਨੂੰ ਜਾ ਕੇ ਦਸੀਏ।

ਭਾਈ ਫੇਰੂ ਸਾਹਿਬ ਨੇ ਸਾਰੀ ਸੰਗਤ ਅਤੇ ਉਹਨਾਂ ਨੂੰ ਸਤਿਕਾਰਨ ਵਾਲੀ ਉਹਨਾਂ ਦੇ ਪਿੰਡ ਦੀ ਸੰਗਤਾਂ ਦੇ ਸਾਹਮਣੇ ਹੀ ਜਥੇਦਾਰ ਸਾਹਿਬ ਦੇ ਚਰਨ ਪਕੜ ਲਏ ਅਤੇ ਬੇਨਤੀ ਕਰਨ ਲਗੇ, ਜੁ ਮੈਥੋਂ ਬਹੁਤ ਬੇਅਦਬੀ ਹੋਈ। ਤੁਸੀਂ ਮੈਂਡੇ ਸਾਹਿਬ ਸਚੇ ਸਾਹਿਬ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਘਲੇ ਮੇਰੇ ਪਾਸ ਪੁਜੇ ਸਾਉ ਤੇ ਏਸ ਮਰੇ ਨਿਭਾਗੇ ਸਰੀਰ ਪਾਸੋਂ ਕੋਈ ਸੇਵਾ ਨਾ ਨਿਭੀ।

ਅਤੇ ਸਚੇ ਸਤਿਗੁਰੂ ਝੂਲਦੇ ਨਿਸ਼ਾਨਾਂ ਵਾਲੇ ਸਤਿਗੁਰੂ ਸਾਹਿਬੇ ਕਮਾਲ ਸਤਿਗੁਰੂ ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਪਾਸੋਂ ਬਖਸ਼ਾ ਲਵੋ।

ਹਾਂ ਮੈਂ ਠੀਕ ਅਜਿਹਾ ਹੀ ਅਪਰਾਧੀ ਹਾਂ।

ਲੂਣ ਹਰਾਮੀ ਗੁਨਹਗਾਰ, ਬੇਗਾਨਾ ਅਲਪ ਮਤਿ.. ॥੫੨॥

ਇਹ ਸਜ਼ਾ ਮੇਰੇ ਲਈ ਠੀਕ ਤਜਵੀਜ਼ ਹੋਈ ਹੈ। ਜੇਕਰ ਮੈਂ ਹਡ-ਰਖ ਪੂਜਾ ਦਾ ਧਾਨ ਖਾਣ ਵਾਲਾ ਮਸੰਦ ਇਸ ਮੂਲ ਬਖਸ਼ਿਆ ਜਾਵਾਂ ਤਾਂ ਔਹ ਭਾਗ—ਲਵੋ ਮੇਰੀਆਂ ਮੁਸ਼ਕਾਂ ਕਸੋ ਜੀ—ਬਿਲਮ ਨਾ ਕਰੋ ਅਤੇ ਇਸ ਪਾਖੰਡ-ਮਈ ਨੂੰ ਆਪਣੇ ਪਵਿੱਤਰ ਕਰ-ਕਮਲਾਂ ਨਾਲ ਫੜ ਕੇ ਸਾਹਿਬ ਸਚੇ ਪਾਤਿਸ਼ਾਹ ਦੇ ਦਵਾਰੇ ਲੈ ਚਲੋ ਅਤੇ ਆਪਣੇ ਗੁਰਸਿਖੀ ਬਿਰਦ ਦੀ ਲਾਜ ਰਖਦੇ ਹੋਏ ਮਨ ਵਿਚ ਮਿਹਰ ਪਵੇ ਤਾਂ ਏਸ

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥੪॥੬॥ (ਮਾਰੂ ਮ: ੧—੯੯੧

ਤਾਂ ਇਸ ਸਰੀਰ ਨੂੰ ਬਖਸ਼ ਲਵੋ ਜੀ ਅਤੇ ਬਖਸ਼ਾ ਲਵੋ। ਸਾਰੀ ਸੰਗਤ ਦੇ ਨੈਣ ਜਲ ਨਾਲ ਡੁਬ-ਡੁਬੀਆਂ ਲੈ ਰਹੇ ਸਨ—ਵਾਹ ! ਵਾਹ ! ਗੁਰਮਤਿ ਨਿਮ੍ਰਤਾ ! ਹਉਮੈ ਦਾ ਅਭਾਵ ਹੋਵੇ ਤਾਂ ਐਉਂ ...।

ਹਾਂ ਜੀ, ਅਜ ਅਸੀਂ ਜ਼ਰਾ ਆਪਣੀ ਬੁਕਲ ਵਿਚ ਝਾਤ ਮਾਰ ਕੇ ਤਕੀਏ ਜੁ ਅਸੀਂ ਗੁਰਮਤਿ ਗਰੀਬੀ ਤੋਂ, ਨਿਮ੍ਰਤਾ ਤੋਂ ਕਿਤਨੇ ਦੂਰ ਹਾਂ—

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ ॥
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥
ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥ ਨ ਲਾਵੈ ॥
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਕਾ ਉਪਦੇਸੁ ਕਮਾਵੈ ॥
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥
ਗੁਰਮੁਖਿ ਸੋਈ ਸਹਿਜਿ ਸਮਾਵੈ ॥ ਵਾਰ ੧੨/੪

ਵਾਹ ! ਵਾਹ ! ਭਾਈ ਸਾਹਿਬ ਭਾਈ ਫੇਰੂ ਸਾਹਿਬ, ਜੋ ਨਕੇ ਦੇਸ ਦੇ ਗੁਰੂ ਕੇ ਮਸੰਦ ਸੇ, ਏਸ ਗੁਰਸਿੱਖਾਂ ਦੇ ਜਥੇ ਦੇ ਸੰਗ ਸਾਥ ਹੋ ਤੁਰੇ। ਇਹਨਾਂ ਗੁਰੂ ਪਿਆਰਿਆਂ ਦੇ ਹੌਸਲਾ ਨਾ ਕਰ ਸਕਣ ਪੁਰ ਆਪਣੀ ਦਾੜ੍ਹੀ


www.AKJ.Org

ਆਪਣੇ ਹਥੀਂ ਫੜੀ ਅਤੇ ਸਾਰੇ ਰਾਹ ਸਚੇ ਪਾਤਸ਼ਾਹ ਜੀ ਦੇ ਪੁਚਾਏ ਹੁਕਮ ਦੀ ਪਾਲਨਾ ਕੀਤੀ। ਸੁਤੇ ਜਾਗਦੇ ਦਾੜ੍ਹੀ ਹਥਾਂ ਵਿਚੋਂ ਨਹੀਂ ਛਡੀ। ਸਚੇ ਸਾਹਿਬ ਨੇ ਆਪ ਹੀ ਮਿਹਰ ਧਾਰ ਉਦਾਹਰਣ ਕਾਇਮ ਕਰਨ ਲਈ ਗੁਰਸਿਖ ਦੀ ਇਹ ਪ੍ਰਤਗਿਆ ਨਿਭਾਇ ਦਿਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਇਹ ਸੰਗਤ ਪੁਜ ਗਈ।

ਮਿਹਰਾਂ ਦੇ ਵਾਲੀ ! ਝੂਲਦੇ ਨਿਸ਼ਾਨਾਂ ਵਾਲੇ ਜਿਗਾਹ ਕਲਗੀ ਵਾਲੇ ਦੀਵਾਨ ਵਿਚ ਸਚੇ ਤਖਤ ਪੁਰ ਸਜ ਰਹੇ ਹਨ। ਆਸਾ ਜੀ ਦੀ ਵਾਰ ਦਾ ਭੋਗ ਪੈ ਚੁਕਾ ਹੈ।

ਭਾਈ ਫੇਰੂ ਸਾਹਿਬ ਆਪਣੇ ਹੱਥਾਂ ਵਿਚ ਦਾੜ੍ਹੀ ਫੜੀ ਹਜ਼ੂਰੀ ਵਿਚ ਪੁਜੇ—ਜਾ ਕੇ ਚਰਨਾਂ ਪੁਰ ਚੁਫਾਲ ਡੰਡੌਤ ਵਿਚ ਡਿਗੇ ਅਤੇ 'ਬਖਸ਼ ਲਵੋ ! ਲੂਣ ਹਰਾਮੀ ਗੁਨਾਹਗਾਰ ਮਸੰਦ ਨੂੰ ਬਖਸ਼ ਲਵੋ !' ਪੁਕਾਰੇ। ਅੰਤਰਜਾਮੀ ਸਤਿਗੁਰੂ ਜੀ ਨੇ ਆਪੂੰ ਹੀ ਗੁਰਸਿੱਖਾਂ ਨੂੰ ਸਿਖਿਅਤ ਕਰਨ ਲਈ ਇਹ ਅਲੌਕਿਕ ਕੌਤਕ ਵਰਤਾਏ ਸੀ।

ਜਥੇਦਾਰ ਜੀ ਨੂੰ ਹੁਕਮ ਹੋਇਆ, ਜੁ ਸਾਰਾ ਬ੍ਰਿਤਾਂਤ ਸੁਨਾਵਣ। ਸਾਰੀ ਸੰਗਤ ਦੇ ਨੇਤਰਾਂ ਤੋਂ ਨੀਰ ਵਗ ਤੁਰਿਆ, ਸਾਰਾ ਬ੍ਰਿਤਾਂਤ ਸੁਣਦਿਆਂ ਦਾ ਜਲ ਠਲ੍ਹਿਆ ਨਾ ਜਾਵੇ।

ਸਚੇ ਪਾਤਿਸ਼ਾਹ ਜੀ ਨੇ "ਧੰਨ ਸਿਖੀ ! ਧੰਨ ਸਿਖੀ !" ਵਰ ਬਖਸ਼ਦਿਆਂ ਹੋਇਆਂ ਭਾਈ ਸਾਹਿਬ ਭਾਈ ਫੇਰੂ ਨੂੰ ਛਾਤੀ ਨਾਲ ਲਾਇਆ, ਮਥਾ ਚੁੰਮਿਆ ਅਤੇ ਭਾਈ ਸਾਹਿਬ ਦੇ ਸਦਾ ਪਵਿੱਤਰ ਸੁਚੇ ਦਾੜ੍ਹੇ ਨੂੰ ਉਹਨਾਂ ਦੇ ਕਰ-ਕਮਲਾਂ ਤੋਂ ਛੁਡਾ ਕੇ ਪਿਆਰ ਹੁਲਾਰਾਂ ਵਿਚ ਬਖਸ਼ਿਆ ਕਿ ਭਾਈ ਸਾਹਿਬ ਭਾਈ ਫੇਰੂ ਸਾਹਿਬ ਜੀ, ਇਹ ਆਪ ਦੀ ਦਾੜ੍ਹੀ ਸੱਚੀ ਹੈ। ਸੰਗਤਾਂ ਦੇ ਦਸਵੰਧ ਅਤੇ ਆਪਣੀ ਕਾਰ ਭੇਟ ਉਗਰਾਹੀ, ਜੋ ਆਪ ਜੀ ਗੁਰਸਿਖਾਂ, ਗੁਰਮੁਖਾਂ ਅਤੇ ਅਤਿਥੀਆਂ ਦੀ ਸੇਵਾ ਸਮਾਗਮਾਂ ਪੁਰ, ਅਥਵਾ, ਗੁਰਮਤਿ ਪ੍ਰੇਰਨਾ ਅਨੁਸਾਰ ਲੋੜਵੰਦ ਲੰਗੜੇ ਲੂਲ੍ਹੇ ਅਪਾਹਜਾਂ ਦੀ ਸੇਵਾ ਵਿਚ ਲਾਂਵਦੇ ਰਹੇ ਹੋ, ਸਮੂਹ ਗੁਰੂ ਕੇ ਖ਼ਜ਼ਾਨੇ ਪ੍ਰਵਾਨ ਪਈ ਹੈ। ਗੁਰੂ ਨਾਨਕ ਸਾਹਿਬ ਜੀ ਦੀ ਆਪ ਪੁਰ ਖੁਸ਼ੀ ਹੈ।

"ਧੰਨ ਭਾਈ ਸਾਹਿਬ ਭਾਈ ਫੇਰੂ ਸਚ ਦਾੜ੍ਹੀ" ਵਰ ਅਜੇ ਤੀਕ ਅਟੱਲ ਅਮਰ ਹੈ।

ਸੋ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ੍ ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥੫੨॥
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ...॥੫੩॥

(ਸਲੋਕ ਵਾਰਾਂ ਤੇ ਵਧੀਕ ਮ: ੩, ਪੰਨਾ ੧੪੧੯

ਭਾਈ ਫੇਰੂ ਸਾਹਿਬ ਨਕੇ ਦੇਸ਼ ਦੇ ਗੁਰੂ ਕੇ ਮਸੰਦ ਸੀ। ਅੱਜ ਕਲ੍ਹ ਲਾਹੌਰ ਜ਼ਿਲੇ ਦੀ ਚੂੰਨੀਆਂ ਤਹਿਸੀਲ ਵਿਚ ਲਾਹੌਰ ਮੁਲਤਾਨ ਜਰਨੈਲੀ ਸੜਕ ਪੁਰ ਲਾਹੌਰੋਂ ੩੦-੩੫ ਮੀਲ ਪੁਰ ਇਕ ਗਰਾਉਂ ਹੈ, ਜਿਸਦਾ ਨਾਮ ਭਾਈ ਸਾਹਿਬ ਫੇਰੂ ਜੀ ਦੇ ਨਾਮ ਪੁਰ "ਭਾਈ ਫੇਰੂ" ਰਖਿਆ ਹੋਇਆ ਹੈ। ਮੀਆਂ ਕੇ ਮੌੜ ਪਿੰਡ ਦੇ ਲਾਗੇ ਹੀ ਭਾਈ ਫੇਰੂ ਸਾਹਿਬ ਦਾ ਬੜਾ ਸੁੰਦਰ ਇਤਿਹਾਸਕ ਗੁਰਦੁਆਰਾ ਹੈ, ਨਾਲ ਬਹੁਤ ਸਾਰੀ ਚੰਗੀ ਉਪਜਾਊ ਜ਼ਮੀਨ ਗੁਰਦੁਆਰੇ ਦੇ ਨਾਮ ਪੁਰ ਲਗੀ ਹੋਈ ਹੈ (ਇਹ ਇਲਾਕਾ ਪਾਕਿਸਤਾਨ ਵਿਚ ਆ ਚੁਕਾ ਹੈ)।

ਹਾਂ ਜੀ ਸਾਨੂੰ ਸਾਰਿਆਂ ਨੂੰ—ਖਾਸ ਕਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ, ਕਰਮਚਾਰੀਆਂ, ਪ੍ਰਬੰਧਕਾਂ ਨੂੰ ਭਾਈ ਫੇਰੂ ਸਾਹਿਬ ਜੀ ਦੇ ਏਸ ਜੀਵਨ ਬ੍ਰਿਤਾਂਤ ਤੋਂ ਸਿਖਿਅਤ ਹੋ ਨਿਰਮਾਣ ਸੇਵਾ ਨਿਭਾਉਣ ਲਈ ਉਤਸ਼ਾਹਤ ਹੋ ਕੇ "ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ" ਵਾਲੀ ਕਾਰ ਛੱਡ ਕੇ "ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ"* ਦੀ ਸਚੀ ਕਾਰ ਕਮਾਉਣੀ ਚਾਹੀਦੀ ਹੈ ਅਤੇ ਸਾਹਿਬੇ ਕਮਾਲ ਧੰਨ ਗੁਰੂ ਸਚੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਦਾ ਪਾਤਰ ਬਣ ਕੇ "ਇਹ ਲੋਕ ਸੁਖੀਏ ਪਰਲੋਕ

* ਵਾਰ ਸੂਹੀ, ਮ: ੨, ਅੰਕ ੩॥੭॥ ਪੰਨਾ ੭੮੭



www.AKJ.Org

ਸੁਹੇਲੇ" ਹੋਣ ਦਾ ਸੁਭਾਗ ਪ੍ਰਾਪਤ ਕਰਨਾ ਹੀ ਸਾਡਾ ਜੀਵਨ-ਮਨੋਰਥ ਹੋਣਾ ਚਾਹੀਦਾ ਹੈ। ਇਤਿ ਆਦਿ।

### ਝੋਕ

ਮੈਂਡੇ ਹਭੇ ਟੋਲ ਸੁਹਾਵਣੇ, ਅਣੀ ਕਲਗੀ ਵਾਲੇ ਆਵਣੇ।
ਅਸਾਂ ਨੈਣ ਚੁਫਾਲ ਵਿਛਾਵਣੇ, ਅਣੀ ਕਲਗੀ ਵਾਲੇ ਆਵਣੇ।
ਅੱਜ ਆਪਾ ਲੁਟ ਲੁਟਾਵਣੇ, ਸੱਚ ਵਾਹੀ ਘੁੰਮ ਘੁਮਾਵਣੇ।
ਆ ! ਮੁਸ਼ਕ ਝਕੋਲ ਝੁਲਾਵਣੇ, ਅਣੀ ਕਲਗੀ ਵਾਲੇ ਆਵਣੇ।
ਇਕ ਝਾਤ ਅਸਾਂ ਵਲ ਪਾ ਜਾਵੀਂ, ਮੈਂਡੇ ਕਲਗੀ ਵਾਲੇ ਆਵੀਂ।
ਜੀ ਆਇਆਂ ਸਤਿਗੁਰੂ ਮੈਂਡੜੇ, ਸਚ ਸਦਕੇ ਜਾਵਾਂ ਤੈਂਡੜੇ।
ਦਿਲ ਨੈਣਾਂ ਸੇਜ ਵਿਛਾਵਣੇ, ਅਣੀ ਕਲਗੀ ਵਾਲੇ ਆਵਣੇ।

['ਸੀਸ ਗੰਜ' ਦਿਲੀ, ਮਈ ੮੩ ਦੇ ਲੇਖ ਦਾ ਪਿਛਲਾ ਅੱਧ

---

[ਸਫਾ ੧੫ ਦੀ ਬਾਕੀ]

ਇਸ ਦੇ ਉਲਟ ਮੂਰਤਿ ਦਾ ਧਿਆਨ ਨਾਸ਼ਮਾਨ ਦੇਹ ਦਾ ਧਿਆਨ ਹੈ, ਜੋ ਨਾਸ਼ ਹੋ ਚੁਕੀ ਹੈ ਜਾਂ ਹੋ ਜਾਏਗੀ। ਮੂਰਤਿ ਆਪਣੇ ਆਪ ਵਿਚ ਭੀ ਨਾਸ਼ਮਾਨ ਹੈ। ਨਾਸ਼ਮਾਨ ਦੇਹ ਨਾਲ ਸਦੀਵੀ ਮੇਲ ਤਾਂ ਹੋ ਹੀ ਨਹੀਂ ਸਕਦਾ। ਸੋ ਨਾਸ਼ਮਾਨ ਦੇਹ ਜਾਂ ਉਸ ਦੀ ਮੂਰਤਿ ਦਾ ਅਜਿਹਾ ਧਿਆਨ ਉਸ ਦੇ ਬਿਨਸਨ ਨਾਲ ਟੁਟ ਜਾਏਗਾ। ਇਸੇ ਲਈ ਗੁਰੂ ਜੀ ਫ਼ੁਰਮਾਉਂਦੇ ਹਨ—

ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ ॥੮॥

[ਪਾ: ੧੦, ਤ੍ਵਪ੍ਰਸਾਦਿ ਸਵੱਯੇ (ਦੂਜੇ)

ਕਿਸੇ ਚੀਜ਼ ਉਤੇ ਲਗਾਤਾਰ ਟਿਕਾਇਆ ਧਿਆਨ ਧੇਇ ਦਾ ਰੂਪ ਬਣਾ ਦੇਂਦਾ ਹੈ। ਜੋ ਮਨੁੱਖ ਦ੍ਰਿੜ੍ਹਤਾ ਨਾਲ ਕਿਸੇ ਮੂਰਤਿ ਦਾ ਧਿਆਨ ਆਪਣੇ ਅੰਦਰ ਬੰਨ੍ਹੀ ਰਖਦਾ ਹੈ, ਉਹ ਆਪ ਹੀ ਮੂਰਤੀ ਬਣ ਜਾਂਦਾ ਹੈ; ਪਰੰਤੂ ਜੇ ਮਨੁੱਖ ਅਨੰਤ ਗੁਣਾਂ ਵਾਲੇ ਬ੍ਰਹਮ ਦਾ ਧਿਆਨ ਧਰੇਗਾ, ਉਹ ਬ੍ਰਹਮ ਹੋ ਜਾਇਗਾ—

ਜੈਸਾ ਸੇਵੈ ਤੈਸਾ ਹੋਇ ॥੪॥੭॥ [ਗਉੜੀ ਮ: ੧, ਪੰਨਾ ੨੨੪

ਇਸ ਲਈ ਧਿਆਨ ਹਮੇਸ਼ਾ ਸਰਗੁਣ ਸਰੂਪ ਵਾਹਿਗੁਰੂ ਦਾ ਹੀ ਧਰਨਾ ਚਾਹੀਦਾ ਹੈ, ਜਿਸ ਦਾ ਸੌਖਾ ਤਰੀਕਾ ਉਸ ਦੇ ਗੁਣਾਂ ਨੂੰ ਵਾਰ ਵਾਰ ਦ੍ਰਿੜ੍ਹਤਾ ਨਾਲ ਚਿਤਵਣਾ ਹੈ।

---


## 'ਸੂਰਾ' ਵਲੋਂ ਗੁਰਮਤਿ ਪ੍ਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | |
|---|---|---|---|
| ਕੇਸਕੀ [ਦਸਤਾਰ] | ੨-੫੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੨-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਤਉ ਨੂੰ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| HAIR—A Divine Gift | 1-00 | ਗੁਰਮਤਿ ਅਨਹਦ ਸ਼ਬਦ ,, | ੧-੦੦ |
| Dawn of Divine Wisdom | 1-50 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਗੁਰਬਾਣੀ ਰਹਿਤਨਾਮਾ | ੧-੦੦ | ਜਬ ਲਗ ਖਾਲਸਾ ਰਹੇ ਨਿਆਰਾ ,, | ੧-੦੦ |
| ਸ੍ਰੀ ਭਗਉਤੀ ਪ੍ਰਬੰਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| | | ਰਾਗਮਾਲ ਬਾਰੇ ਵਿਚਾਰ [ਉਘੇ ਵਿਦਵਾਨ] | ੧-੫੦ |




www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੇ ਤੱਥਾਂ ਤੇ ਇਕ ਨਜ਼ਰ (੬—ਅ)

[ਕੈਪਟਿਨ ਸਵਰਨ ਸਿੰਘ ਜੀ]

## (ਨਵੰਬਰ 'ਸੂਰਾ' ਵਿਚ ਛਪੇ ਲੇਖ ਦੀ ਬਾਕੀ)

ਸ਼ੈਖ ਅਹਿਮਦ ਭਾਵੇਂ ਮਰ ਚੁਕਾ ਸੀ, ਪਰ ਉਸ ਦੇ ਵਿਚਾਰ ਓਸੇ ਤਰ੍ਹਾਂ ਭਾਂਬੜ ਬਾਲ ਰਹੇ ਸਨ । ਔਰੰਗਜ਼ੇਬ ਜਦ ਅਜੇ ਸ਼ਹਿਜ਼ਾਦਾ ਤੇ ਦਖਣ ਦਾ ਸੂਬੇਦਾਰ ਹੀ ਸੀ, ਉਸ ਵੇਲੇ ਸਰਹਿੰਦੀ ਦਾ ਤੀਜਾ ਪੁੱਤਰ ਖ਼ਵਾਜਾ ਮਾਅਸੂਮ ਗੱਦੀ-ਨਸ਼ੀਨ ਸੀ । ਔਰੰਗਜ਼ੇਬ ਬਾਦਸ਼ਾਹ ਬਣਨ ਤੋਂ ਪਹਿਲਾਂ ਹੀ ਉਸ ਦਾ ਮੁਰੀਦ ਬਣ ਚੁਕਾ ਸੀ । ਇਸ ਕੱਟੜ ਸੁੰਨੀ ਬਾਦਸ਼ਾਹ ਨੇ ਸਾਰੀ ਉਮਰ ਗੈਰ-ਮੁਸਲਮਾਨਾਂ ਲਈ ਜੋ ਨਰਕ ਢੋਇਆ, ਜਿਵੇਂ ਆਪਣਾ ਰਾਜ-ਪ੍ਰਬੰਧ ਚਲਾਇਆ, ਉਸ ਪਿਛੇ ਮੁਜੱਦਦ ਦੀ ਰੂਹ ਹੀ ਕੰਮ ਕਰਦੀ ਸੀ । ਦਾਰਾ, ਜੋ ਬੜੇ ਵਧੀਆ ਖਿਆਲਾਂ ਤੇ ਤੁਅਸਬ ਤੋਂ ਰਹਿਤ ਮਨੁੱਖ ਸੀ ਅਤੇ ਬਾਦਸ਼ਾਹਤ ਉਤੇ ਜਿਸਦਾ ਪਹਿਲਾ ਹੱਕ ਸੀ, ਉਸ ਨੂੰ ਗਲੀਆਂ ਵਿਚ ਰੋਲ ਰੋਲ ਕੇ ਮਾਰਨ ਦੇ ਹੁਕਮਾਂ ਪਿਛੇ ਸਰਹਿੰਦੀ ਦੀ ਆਵਾਜ਼ ਹੀ ਸੀ । ੮ ਸਾਲ ਪਿਉ ਨੂੰ ਕੈਦ ਕਰ ਕੇ ਵਿਚੇ ਹੀ ਗਾਲ ਕੇ ਮਾਰਿਆ, ਤਿੰਨੇ ਭਰਾ ਮਰਵਾਏ, ਤਖ਼ਤ ਦੇ ਦਾਅਵੇਦਾਰ ਹੋਰ ਕਈ ਕੁੰਬੇ ਦੇ ਜੀਅ ਤਲਵਾਰ ਦੇ ਘਾਟ ਉਤਾਰੇ ਗਏ । ਮੰਦਰ ਢਹਿ ਢਹਿ ਮਸੀਤਾਂ ਉਸਰਦੀਆਂ ਰਹੀਆਂ, ਲਖਾਂ ਹਿੰਦੂਆਂ ਨੂੰ ਤਲਵਾਰ ਦੀ ਨੋਕ ਥੱਲੇ ਰਖ ਕੇ ਜ਼ੋਰੋ ਜ਼ੋਰੀ ਮੁਸਲਮਾਨ ਬਣਾਉਣ ਵਾਲਾ ਔਰੰਗਜ਼ੇਬ ਆਪਣੇ ਮੁਰਸ਼ਦ ਦੀ ਨੀਤੀ ਤੇ ਹੀ ਚਲ ਰਿਹਾ ਸੀ ।੪ ਓਸੇ ਦੀ ਆਗਿਆ ਦਾ ਪਾਲਣ ਕਰਨ ਲਈ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਬੁਲਾ ਕੇ ਮਾਰਨ ਦਾ ਅਸਫ਼ਲ ਯਤਨ ਕੀਤਾ । ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਰਾਜਾ ਜੈ ਸਿੰਘ ਰਾਹੀਂ ਦਿੱਲੀ ਬੁਲਾ ਕੇ ਮਾਰ ਦੇਣ ਦੀ ਹੀ ਵਿਉਂਤ ਸੀ । ਏਸੇ ਮੁਰਸ਼ਦ ਦੀ ਆਵਾਜ਼ ਦਾ ਹੁਕਮ ਮੰਨ ਕੇ ਗੁਰੂ ਤੇਗ ਬਹਾਦਰ ਜੀ ਨੂੰ ਦਿਲੀ ਸੱਦ ਕੇ ਸ਼ਹੀਦ ਕੀਤਾ ਗਿਆ । ਸੈਰੁਲ ਮਤਾਖ਼ਰੀਨ ਦਾ ਕਰਤਾ ਗ਼ੁਲਾਮ ਹੁਸੈਨ ਲਿਖਦਾ ਹੈ ਕਿ ਔਰੰਗਜ਼ੇਬ ਦਾ (ਗੁਰੂ) ਤੇਗ ਬਹਾਦਰ ਦੇ ਮੁਤਅਲਕ ਹੁਕਮ ਸੀ ਕਿ ਉਸ ਨੂੰ ਕਤਲ ਕਰ, ਉਸ ਦੇ ਜਿਸਮ ਦੇ ਚਾਰ ਟੋਟੇ ਕਰਕੇ ਸ਼ਹਿਰ ਦੇ ਚੁਫੇਰੇ ਚਹੁੰ ਦਰਵਾਜ਼ਿਆਂ ਉਤੇ ਟੰਗ ਦਿੱਤੇ ਜਾਣ ।

ਜਿਸ ਸਰਹਿੰਦੀ ਪਠਾਣ ਜਮਸ਼ੇਦ ਖਾਨ (ਗੁਲਖਾਨ ?) ਨੇ ਨੰਦੇੜ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਉਤੇ ਮੁਹਲਕ ਵਾਰ ਕੀਤਾ ਸੀ, ਭਾਵੇਂ ਉਹ ਨੌਕਰ ਵਜ਼ੀਦ ਖਾਨ ਸੂਬਾ ਸਰਹਿੰਦ ਦਾ ਸੀ, ਪਰ ਮੁਰੀਦ ਉਹ ਮੁਜੱਦਦ ਦੀ ਗੱਦੀ ਦਾ ਸੀ । ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਕਤਲ ਕਰਾਉਣ ਵਾਲਾ ਨਵਾਬ ਵਜੀਦ ਖਾਨ ਇਸ ਗੱਦੀ ਦਾ ਭਗਤ ਤੇ ਉਸ ਦੇ ਗੱਦੀ-ਨਸ਼ੀਨਾਂ ਦੇ ਸਲਾਹ ਮਸ਼ਵਰੇ ਤੇ ਨਸੀਹਤਾਂ ਤੇ ਚਲਣ ਵਾਲਾ ਸੀ । ਗੁਰੂ ਅਰਜਨ ਦੇਵ ਜੀ ਦੇ ਕਤਲ, ਗੁਰੂ ਹਰਿਗੋਬਿੰਦ ਸਾਹਿਬ ਵਿਰੁਧ ਲੜਾਈਆਂ, ਸਤਵੀਂ ਪਾਤਸ਼ਾਹੀ ਲਈ ਮੁਸੀਬਤਾਂ ਖੜੀਆਂ ਕਰਨੀਆਂ, ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਰਵਾਉਣ ਦੇ ਯਤਨ, ਗੁਰੂ ਤੇਗ ਬਹਾਦਰ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਉਤੇ ਹਮਲੇ, ਲੜਾਈਆਂ, ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ, ਤੇ ਹੋਰ ਜੋ ਖ਼ੂਨੀ ਕਾਰੇ ਹੋਏ, ਉਹ ਸਭ ਸਿੱਖੀ ਦਾ ਤਲਾਮੂਲ ਪੁਟਣ ਦੇ ਯਤਨ ਸਨ ਤੇ ਇਨ੍ਹਾਂ ਕਾਰਿਆਂ ਦਾ ਸੰਚਾਲਕ ਸ਼ੈਖ ਅਹਿਮਦ ਸਰਹਿੰਦੀ ਸੀ । ਬੰਦਾ ਸਿੰਘ ਬਹਾਦਰ ਵੇਲੇ ਸਾਰੀ ਸਿਖ ਕੌਮ ਦਾ ਵਿਨਾਸ਼ ਕਰਨ ਲਈ ਇਕ-ਵਢੋਂ ਕਤਲਾਮ ਦਾ ਹੁਕਮ ਜੋ ਬਹਾਦਰ ਸ਼ਾਹ ਨੇ ਦਿਤਾ, ਫਿਰ ਫ਼ਰਖਸੀਅਰ ਨੇ ਬੰਦਾ ਸਿੰਘ ਤੇ ਉਸਦੇ ਸਾਥੀਆਂ ਦੇ ਸਮੁੱਚੇ ਕਤਲਾਮ ਦਾ ਹੁਕਮ ਦਿਤਾ, ਫਿਰ ਸਿੱਖਾਂ ਦੇ ਸਿਰਾਂ ਦੇ ਮੁਲ ਤੇ ਇਨਾਮ, ਛੋਟਾ ਤੇ ਵੱਡਾ ਘਲੂਘਾਰਾ, ਕਰਾਉਣ ਲਈ ਮੌਲਵੀ ਬਾਕੀ-ਬਿੱਲਾ ਜੋ ਅਹਿਮਦ ਸ਼ਾਹ ਨੂੰ ਇਸਲਾਮੀ ਦੀਨ ਦੇ ਨਾਂ ਤੇ ਵੰਗਾਰ ਪਾ ਕੇ ਲਿਆ-ਇਆ ਸੀ, ਉਹ ਵੀ ਮੁਜੱਦਦ ਦਾ ਚੇਲਾ ਸੀ, ਇਹ ਸਾਰੇ ਤੱਥ ਸਾਬਤ ਕਰਦੇ ਹਨ ਕਿ ਇਹ ਸਭ ਭਿਆਨਕ ਕਾਰੇ ਕਰਾਉਣ ਵਾਲੇ ਵਿਚਾਰਾਂ ਦਾ ਅੰਤਮ ਸੋਮਾ ਇਹੋ ਮੁਜੱਦਦ ਅਲਫ਼ ਸਾਨੀ ਹੀ ਸੀ ।



www.AKJ.Org

ਏਕਾ-ਕੇਂਦ੍ਰਿਤ ਸਮਾਜ ਦੀ ਇਸਲਾਮੀ ਸ਼ਰਆ ਦੀਆਂ ਲੀਹਾਂ ਤੇ ਸਥਾਪਣਾ ਨੂੰ ਰੋਕਣ ਲਈ ਗੁਰੂ ਸਾਹਿਬਾਨ ਨੇ ਆਵਾਜ਼ ਉਠਾਈ, ਪ੍ਰਚਾਰ ਕੀਤਾ ਤੇ ਸਮਾਂ ਪੈਣ ਤੇ ਜਾਨਾਂ ਕੁਰਬਾਨ ਕੀਤੀਆਂ, ਸਰਬੰਸ ਵਾਰਿਆ, ਫਿਰ ਸਿੱਖਾਂ ਨੇ ਲੱਖਾਂ ਦੀ ਗਿਣਤੀ ਵਿਚ ਹੱਸ ਹੱਸ ਜਾਨਾਂ ਵਾਰੀਆਂ ਤੇ ਮੁਜੱਦਦ ਦੀ ਕੁਚੇਸ਼ਟਾ ਨੂੰ ਅਸਫਲ ਕੀਤਾ। ਸੂਝਵਾਨ ਪਾਠਕ ਤਕਣ ਇਸ ਸਾਰੇ ਨਜ਼ਾਰੇ ਨੂੰ ਤੇ ਖ਼ੁਦ ਨਿਰਣਾ ਕਰਨ ਕਿ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਅਸਲ ਮੋਢੀ ਕੌਣ ਸੀ। ਜੋ ਸੱਜਣ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਚੰਦੂ ਸਵਾਹੀਏ ਦੀ ਲੜਕੀ ਦੇ ਸਾਕ ਨਾਲ ਜੋੜ ਕੇ ਸਾਰੀ ਗੱਲ ਦਾ ਤੋੜਾ ਉਥੇ ਹੀ ਝਾੜ ਦੇਂਦੇ ਹਨ ਉਨ੍ਹਾਂ ਨੂੰ ਅਸਲੀਅਤ ਤੋਂ ਕਿੰਨਾ ਕੁ ਜਾਣੂ ਕਰਾਇਆ ਜਾਵੇ। ਕੌਣ ਵਿਚਾਰਾ ਚੰਦੂ ਤੇ ਕੌਣ ਵਿਚਾਰੀ ਉਸ ਦੀ ਲੜਕੀ! ਇਸ ਸੰਧਰਭ ਵਿਚ ਜਹਾਂਗੀਰ ਦੀ ਭੂਮਿਕਾ ਇਹ ਹੈ– ਕੰਨਾਂ ਦਾ ਕੱਚਾ, ਲਾਈ-ਲੱਗ ਤੇ ਭੋਂਦੂ ਬਾਦਸ਼ਾਹ। ਉਸ ਨੇ ਮੁਜੱਦਦ ਦਾ ਹੱਥ-ਠੋਕਾ ਬਣ ਕੇ ਅੰਨ੍ਹੇਰ ਢੋਇਆ ਹੈ।

**ਧਿਆਨ ਯੋਗ ਮੁਜੱਦਦ ਦੇ ਕੁਝ ਖ਼ਤ–**

ਮੁਜੱਦਦ ਦੇ ਵਿਚਾਰਾਂ ਤੇ ਸਿਧਾਂਤ ਦਾ ਉਸ ਦੇ ਖ਼ਤਾਂ ਤੋਂ ਹੀ ਪਤਾ ਲਗਦਾ ਹੈ। ਉਨ੍ਹਾਂ ਸਭਨਾਂ ਦਾ ਜ਼ਿਕਰ ਇਸ ਲੇਖ ਵਿਚ ਨਹੀਂ ਹੋ ਸਕਦੇ। ਇਥੇ ਸਿਰਫ਼ ਕੁਝ ਖਤਾਂ ਦਾ ਜ਼ਿਕਰ ਕਰ ਦੇਣਾ ਪਾਠਕਾਂ ਦੀ ਜਾਣ-ਕਾਰੀ ਲਈ ਉਚਿਤ ਹੋਵੇਗਾ ਤੇ ਉਹ ਇਸ ਸ਼ਖ਼ਸ ਦੀ ਮਨੋ-ਬਿਰਤੀ ਤੇ ਉਸਦੇ ਤੁਅਸਬ, ਤੰਗ ਦਿਲੀ ਤੇ ਗ਼ੈਰ-ਮੁਸਲਮਾਨਾਂ ਨਾਲ ਨਫ਼ਰਤ ਦੇ ਅਥਾਹ ਸਮੁੰਦਰ ਦੀ ਨਿਗੂਣੀ ਜਿਹੀ ਝਲਕ, ਜੋ ਉਸ ਦੇ ਦਿਲ ਦਿਮਾਗ ਵਿਚ ਠਾਠਾਂ ਮਾਰ ਰਹੀ ਸੀ, ਵੇਖ ਸਕਣਗੇ।

ਗੁਰੂ ਅਰਜਨ ਦੇਵ ਜੀ ਨੂੰ ਜਦ ਜਹਾਂਗੀਰ ਦੇ ਹੁਕਮ ਨਾਲ ਮੁਰਤਜ਼ਾ ਖ਼ਾਨ ਦੀ ਨਿਗਾਹਬਾਨੀ ਵਿਚ ਸ਼ਹੀਦ ਕਰਵਾ ਲਿਆ ਤਾਂ ਸ਼ੇਖ ਅਹਿਮਦ ਦੀ ਖ਼ੁਸ਼ੀ ਦਾ ਠਿਕਾਣਾ ਨਾ ਰਿਹਾ। ਉਹ ਮੁਰਤਜ਼ਾ ਖ਼ਾਨ ਨੂੰ ਆਪਣੇ ਖ਼ਤ ਵਿਚ ਲਿਖਦਾ ਹੈ :–

ਦਰੀਂ ਵਕਤ ਕੁਸ਼ਤਨਿ ਕਾਫ਼ਰੇ ਲੱਈਨਿ ਗੋਇੰਦਵਾਲ ਊ ਬਸਿਆਰ ਖ਼ੂਬ ਵਾਕਿਆ ਸ਼ੁਦ ਵ ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦ ਵ ਮਰਦੂਦ ਰਸ਼ਤ, ਬ-ਹਰ ਨੀਯੱਤ ਕਿ ਕੁਸ਼ਤਾ ਬਾਸ਼ਿੰਦ ਵ ਬ-ਹਰ ਗ਼ਰਜ਼ ਕਿ ਹਲਾਕ ਕਰਦਾ ਖ਼ੁਵਾਰੀਏ-ਕੁਫ਼ਾਰ ਨਕਦ ਵਕਤ ਅਹਿਲਿ ਇਸਲਾਮ ਅਸਤ। ਈਂ ਫ਼ਕੀਰ ਪੇਸ਼ ਅਜ਼ਾਂ ਕਿ ਈਂ ਕਾਫ਼ਰ ਰਾ ਬਕੁਸ਼ੰਦ ਦਰ ਖ਼ਾਬ ਦੀਦਾ ਬੂਦ ਕਿ ਬਾਦਸ਼ਾਹਿ ਵਕਤ ਕੱਲਾ-ਇ-ਸਰਿ ਸ਼ਰਕ ਰਾ ਸ਼ਿਕੱਸਤਾ ਅਸਤ ਵ ਲਹਕ ਕਿ ਆਂ ਗਬਿਰ ਰੱਈਸਿ ਅਹਿਲਿ ਸ਼ਰਕ ਬੂਦ ਵ ਇਮਾਮ ਅਹਿਲਿ ਕੁਫ਼ਰ...

[ਮਕਤੂਬਾਤ ਅਮਾਮ ਰੱਬਾਨੀ, ਦਫ਼ਤਰ ਅਵਲ, ਹਿੱਸਾ ਸੋਇਮ, ਸਫ਼ਾ ੯੫-੯੬, ਖ਼ਤ ਨੰ: ੧੯

**ਅਰਥਾਤ–**

ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟੇ ਫਿਟਕਾਰੇ ਹੋਏ ਨੂੰ ਕਤਲ ਕੀਤਾ ਗਿਆ ਹੈ, ਇਹ ਬੜਾ ਸ਼ੁਭ ਕਾਰਜ ਹੋਇਆ ਹੈ ਅਤੇ ਇਸ ਨਾਲ ਹਿੰਦੂਆਂ ਦੀ ਇਕ ਵੱਡੀ ਹਾਰ ਹੋਈ ਹੈ, ਉਸ ਨੂੰ ਕਿਸੇ ਵੀ ਕਾਰਨ ਅਤੇ ਕਿਸੇ ਬਹਾਨੇ ਨਾਲ ਵੀ ਮਾਰ ਕੇ ਖ਼ਤਮ ਕਰਨ ਨਾਲ ਕਾਫ਼ਰਾਂ ਦਾ ਬੜਾ ਭਾਰਾ ਨੁਕਸਾਨ ਹੋਇਆ ਹੈ ਅਤੇ ਮੁਸਲਮਾਨਾਂ ਲਈ ਇਹ ਸ਼ੁਭ ਤੇ ਮਹਾਨ ਲਾਭ ਦੇਣ ਵਾਲੀ ਸਥਿਤੀ ਬਣੀ ਹੈ। ਇਸ ਬੇਦੀਨੇ ਦੇ ਮਾਰੇ ਜਾਣ ਤੋਂ ਪਹਿਲੋਂ ਮੈਨੂੰ ਇਕ ਸੁਪਨਾ ਆਇਆ ਸੀ ਕਿ ਸਮੇਂ ਦੇ ਬਾਦਸ਼ਾਹ (ਜਹਾਂਗੀਰ) ਨੇ ਇਸ ਮਲੀਨ ਤੇ ਨਖਿਧ ਧਰਮ ਦਾ ਸਿਰ ਫੇਹ ਸੁੱਟਿਆ ਹੈ। ਇਸ ਵਿਚ ਰਤੀ ਮਾਸਾ ਵੀ ਸ਼ੱਕ ਨਹੀਂ ਕਿ ਉਹ (ਗੁਰੂ ਅਰਜਨ ਦੇਵ) ਕਾਫ਼ਰ ਹਿੰਦੂਆਂ ਦਾ ਜਗਤ-ਗੁਰੂ ਸੀ ਤੇ ਬੇਦੀਨਪੁਣੇ ਵਲ ਝੁਕਾਉ ਰਖਣ ਵਾਲਿਆਂ ਦਾ ਸਭ ਤੋਂ ਵੱਡਾ ਸ਼ਹਿਨਸ਼ਾਹ ਸੀ।..."

ਗੁਰੂ ਅਰਜਨ ਦੇਵ ਵਰਗੀ ਮਹਾਨ ਹਸਤੀ, ਜੋ ਸ਼ਾਂਤੀ ਦੇ ਪੁੰਜ ਹਨ, ਜੋ ਹਰੇਕ ਦਾ ਭਲਾ ਮੰਗਣ ਤੇ ਕਰਨ ਵਾਲੇ ਹਨ, ਉਨ੍ਹਾਂ ਨੂੰ ਕਤਲ ਕਰਵਾ ਕੇ ਜੋ ਸ਼ਖ਼ਸ ਖੁਸ਼ੀਆਂ ਮਨਾਂਦਾ ਹੈ, ਉਹ ਕਿਸ ਕਿਸਮ ਦੇ ਦਿਲ



www.AKJ.Org

ਦਿਮਾਗ ਦਾ ਬੰਦਾ ਹੋਵੇਗਾ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ।

ਇਸੇ ਪੁਸਤਕ ਦੀ ਜਿਲਦ ਤੀਜੀ ਦੇ ੧੪੫ ਨੰਬਰ ਖ਼ਤ ਵਿਚ ਲਿਖਦਾ ਹੈ ਤੇ ਦਾਅਵਾ ਕਰਦਾ ਹੈ ਕਿ ਉਹ ਅੱਲਾ ਤਾਅਲਾ ਦਾ ਮੁਰੀਦ ਭੀ ਹੈ ਅਤੇ ਉਸਦੀ "ਇੱਛਾ ਪੂਰਤੀ ਭੀ।" ਫਿਰ ਲਿਖਦਾ ਹੈ-"ਮੇਰਾ ਅੱਲਾ ਤਾਅਲਾ ਨਾਲ, ਬਿਨਾਂ ਕਿਸੇ ਵਿਚੋਲੇ ਦੇ, ਸਿਧਾ ਤੁਅਲਕ ਹੈ।" ਜੋ ਮੁਸਲਮਾਨੀ ਮੱਤ ਦਾ ਗਿਆਨ ਰਖਦੇ ਹਨ, ਜਾਣਦੇ ਹਨ ਕਿ ਅਜਿਹਾ ਕੁਫ਼ਰ ਤੇ ਅੱਤ ਦਾ ਦਾਅਵਾ ਕੋਈ ਮੁਸਲਮਾਨ, ਜੋ ਸ਼ਰਆ ਵਿਚ ਪਰਪੱਕ ਹੈ, ਸ਼ਰਆ ਅਨੁਸਾਰ ਕਰਨ ਦੀ ਜੁਰਅਤ ਕਰ ਹੀ ਨਹੀਂ ਸਕਦਾ। ਹਜ਼ਰਤ ਮੁਹੰਮਦ ਸਾਹਿਬ ਦੀ ਵਿਚੋਲਗੀ ਤੇ ਸ਼ਫਾਅਤ ਤੋਂ ਬਿਨਾਂ ਕੋਈ ਮੋਮਨ ਅੱਲਾ ਤਾਅਲਾ ਨਾਲ ਸਿੱਧਾ ਰਾਬਤਾ ਕਾਇਮ ਕਰ ਹੀ ਨਹੀਂ ਸਕਦਾ। ਅਤੇ ਨਾ ਹੀ ਕੋਈ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਦੀ ਬਰਾਬਰੀ ਕਰਨ ਦਾ ਕੁਫ਼ਰ ਤੋਲ ਸਕਦੇ। ਪਰ ਮੁਜੱਦਦ ਸਾਹਿਬ ਤਾਂ ਬਹੁਤ ਅੱਗੇ ਵਧ ਜਾਂਦੇ ਹਨ। ਜਿਲਦ ਤੀਜੀ, ਖ਼ਤ ੧੪੫ ਵਿਚ ਅੱਗੇ ਫ਼ੁਰਮਾਉਂਦੇ ਹਨ-"ਮੈਂ ਮੁਹੰਮਦ ਦਾ ਮੁਰੀਦ ਭੀ ਹਾਂ ਤੇ ਗੁਰ-ਭਾਈ ਵੀ।" ਸਾਬਤ ਹੋਇਆ ਕਿ ਅੱਲਾ ਦੇ ਦਰਬਾਰ ਵਿਚ ਮੁਜੱਦਦ ਦਾ ਮਰਤਬਾ ਮੁਹੰਮਦ ਸਾਹਿਬ ਦੇ ਬਰਾਬਰ ਹੀ ਹੈ। ਇਸਦਾ ਜਵਾਬ ਮੋਮਨ ਹੀ ਦੇ ਸਕਦੇ ਹਨ। ਹੋਰ ਪੜ੍ਹੋ-ਹਿੰਦੁਸਤਾਨ ਵਿਚ ਗਊ ਜ਼ਿਬਆ (ਗਊ-ਬਧ) ਨਾਲੋਂ ਵਧ ਕੇ ਤੇ ਉੱਤਮ ਇਸਲਾਮੀ ਕਰਮ, ਇਸਲਾਮ ਦੀ ਸੇਵਾ ਤੇ ਸੁਵਾਬ (ਪੁੰਨ) ਹੋਰ ਕੋਈ ਨਹੀਂ ਹੈ।

ਇਕ ਹੋਰ ਚਿਠੀ ਵਿਚ ਮੁਰਤਜ਼ਾ ਖਾਨ ਨੂੰ ਤੁਖਣਾ ਦਿੱਤੀ ਹੈ-"ਹਿੰਦੁਸਤਾਨ ਵਿਚ ਹਿੰਦੂਆਂ ਕੋਲੋਂ ਜਜ਼ੀਆ ਵਸੂਲ ਕਰਨਾ ਬੰਦ ਹੋ ਗਿਆ ਹੈ। ਇਸ ਦਾ ਸਾਫ਼ ਤੇ ਸਿੱਧਾ ਕਾਰਨ ਇਹ ਹੈ ਕਿ ਹੁਣ ਬਾਦਸ਼ਾਹ ਦੇ ਦਰਬਾਰ ਵਿਚ ਹਿੰਦੂਆਂ ਦੀ ਪੁੱਛ ਤੇ ਇੱਜ਼ਤ ਹੋਣ ਲੱਗ ਪਈ ਹੈ।"

ਮੁਜੱਦਦ ਦਾ ਇਕ ਚੇਲਾ ਕੋਈ ਹਿਰਦੇ ਰਾਮ ਹੈ। ਉਸ ਦੇ ਨਾਂ ਵੀ ਇਕ ਚਿੱਠੀ ਹੈ। ਇਹ ਉਸ ਨੂੰ ਜਵਾਬ ਵਜੋਂ ਹੈ, ਜਦ ਉਸ ਨੇ ਮੁਜੱਦਦ ਉਤੇ ਬੜੀ ਪ੍ਰੇਮਾ-ਭਗਤੀ ਤੇ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਰਾਮ ਤੇ ਰਹੀਮ ਦੋ ਨਹੀਂ, ਇਕ ਹੀ ਹਨ। ਮੁਜੱਦਦ ਸਾਹਿਬ ਦਾ ਜਵਾਬ ਹੈ-"ਰਾਮ ਕ੍ਰਿਸ਼ਨ ਆਦਿ ਜੋ ਹਿੰਦੂਆਂ ਦੇ ਇਸ਼ਟ ਤੇ ਪੂਜਣ ਜੋਗ ਹਨ, ਉਹ ਅਲਾ ਤਾਅਲਾ ਦੀ ਅਸਲੋਂ ਘਟੀਆ ਤੇ ਨਖਿਧ ਪੈਦਾਵਾਰ ਹਨ। ਉਨ੍ਹਾਂ ਮਾਤਾ ਦੇ ਪੇਟੋਂ ਜਨਮ ਲਿਆ ਹੈ ਤੇ ਆਪਣੇ ਬਾਪ ਦੇ ਵੀਰਜ ਤੋਂ ਜਨਮ ਲਿਆ ਹੈ। ਰਾਮ ਦਸਰਥ ਦਾ ਪੁਤ, ਲਛਮਣ ਦਾ ਭਾਈ ਅਤੇ ਸੀਤਾ ਦਾ ਪਤੀ ਸੀ। ਜਿਹੜਾ ਰਾਮ ਆਪਣੀ ਪਤਨੀ ਸੀਤਾ ਨੂੰ ਸੰਭਾਲ ਨਹੀਂ ਸਕਿਆ, ਉਹ ਦੂਜਿਆਂ ਦਾ ਕੀ ਸੁਆਰੇਗਾ। ਬੁਧੀ ਅਤੇ ਸੋਚ ਵਿਚਾਰ ਨਾਲ ਮਾਰਗ ਤੇ ਪੈਰ ਪੁਟਣੇ ਚਾਹੀਦੇ ਹਨ। ਪੂਰਵਜਾਂ ਪਿਛੇ ਨਹੀਂ ਚਲਣਾ ਚਾਹੀਦਾ। ਬੜੀ ਸ਼ਰਮ ਦੀ ਗੱਲ ਹੈ ਕਿ ਕੋਈ, ਸਾਰੀ ਸ੍ਰਿਸ਼ਟੀ ਦੇ ਰਚਨਹਾਰ ਨੂੰ ਰਾਮ ਤੇ ਕ੍ਰਿਸ਼ਨ ਕਹਿ ਕੇ ਯਾਦ ਕਰੇ। ਇਹ ਇਉਂ ਹੈ ਜਿਵੇਂ ਕਿਸੇ ਚੱਕ੍ਰਵਰਤੀ ਸ਼ਹਿਨਸ਼ਾਹ ਨੂੰ ਚੂਹੜਾ ਤੇ ਨੀਚ ਭੰਗੀ ਕਹਿ ਕੇ ਆਖੀਏ। ਰਾਮ ਤੇ ਰਹਿਮਾਨ ਨੂੰ ਇਕ ਸਮਝਣਾ ਵਡੀ ਬੇਵਕੂਫ਼ੀ ਹੈ।"

ਮੁਰਤਜ਼ਾ ਖ਼ਾਂ ਨੂੰ ਇਕ ਹੋਰ ਪੱਤਰ ਵਿਚ ਕਿਵੇਂ ਉਂਗਲ ਦੇਂਦਾ ਹੈ-"ਮੇਰੀ ਸਭ ਤੋਂ ਵੱਡੀ ਇਹੋ ਖ਼ਾਹਿਸ਼ ਹੈ ਕਿ ਖ਼ੁਦਾ ਦੇ ਰਸੂਲ ਦੇ ਦੁਸ਼ਮਣਾਂ (ਹਿੰਦੂਆਂ) ਨਾਲ ਪੁਜ ਕੇ ਸਖ਼ਤੀ ਕੀਤੀ ਜਾਵੇ। ਇਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਲੀਲ ਤੇ ਖਵਾਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਬਦਬਖ਼ਤਾਂ ਦੀ ਅਣਖ ਤੇ ਗੈਰਤ ਮਿੱਟੀ ਵਿਚ ਮਿਲਾ ਦੇਣੀ ਚਾਹੀਦੀ ਹੈ। ਪੂਰਨ ਯਕੀਨ ਕਰਕੇ ਮੰਨੋਂ ਕਿ ਅੱਲਾ ਤਾਅਲਾ ਨੂੰ ਖੁਸ਼ ਕਰਨ ਦਾ ਇਸ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੈ।"

ਅੱਗੇ ਹੋਰ ਵੇਖੋ ਕੀ ਫ਼ੁਰਮਾਇਆ ਜਾ ਰਿਹਾ ਹੈ-"ਪਸ ਇਸਲਾਮ ਦੀ ਚੜ੍ਹਦੀ ਕਲਾ ਕੁਫ਼ਰ ਤੇ ਕਾਫ਼ਰਾਂ ਦੇ ਤ੍ਰਿਸਕਾਰ ਵਿਚ ਹੈ। ਜਿਸ ਨੇ ਕਾਫ਼ਰਾਂ ਨਾਲ ਪਿਆਰ ਕੀਤਾ, ਉਸ ਨੇ ਇਸਲਾਮ ਨੂੰ ਖਵਾਰ ਕੀਤਾ। ਇਨ੍ਹਾਂ ਨੂੰ ਅਜ਼ੀਜ਼ ਰਖਣ ਤੋਂ ਮੁਰਾਦ ਇਹ ਨਹੀਂ ਕਿ ਇਨ੍ਹਾਂ ਨੂੰ ਸਤਿਕਾਰ ਦਿਤਾ ਜਾਵੇ ਤੇ ਮਾਣ ਵਾਲੀ ਉੱਚੀ ਥਾਂ ਤੇ ਬੈਠਾਇਆ ਜਾਵੇ, ਸਗੋਂ ਆਪਣੀਆਂ ਮਜਲਸਾਂ ਵਿਚ ਇਨ੍ਹਾਂ ਨੂੰ ਬੈਠਾ ਲੈਣਾ, ਇਨ੍ਹਾਂ ਦਾ ਲਾਗਾ ਕਰਨਾ ਤੇ ਕੋਲ

ਬਠਾਉਣਾ, ਇਨ੍ਹਾਂ ਨਾਲ ਗਲ ਬਾਤ ਵੀ ਕਰਨਾ ਇਨ੍ਹਾਂ ਦੇ ਮਾਣ-ਪ੍ਰਤਿਸ਼ਟਾ ਵਿਚ ਗਿਣਿਆ ਜਾਵੇਗਾ। ਇਨ੍ਹਾਂ ਨੂੰ ਤਾਂ ਕੁੱਤਿਆਂ ਵਾਂਗ ਦੁਰਕਾਰ ਕੇ ਦੂਰ ਰਖਣਾ ਚਾਹੀਦਾ ਹੈ।"

ਮੁਰਤਜ਼ਾ ਖ਼ਾਨ ਨੂੰ ਇਕ ਹੋਰ ਸੀਖ ਦਿਤੀ ਜਾ ਰਹੀ ਹੈ—"ਇਸਲਾਮ ਦੀ ਅਤੇ ਮੁਸਲਮਾਨਾਂ ਦੀ ਇਜ਼ਤ ਇਸ ਗੱਲ ਵਿਚ ਹੈ ਕਿ ਕਾਫ਼ਰਾਂ ਨੂੰ ਦੱਬ ਕੇ ਬੇਇਜ਼ਤ ਕੀਤਾ ਜਾਵੇ। ਜਜ਼ੀਆ ਦਾ ਮਨੋਰਥ ਕਾਫ਼ਰਾਂ ਦਾ ਤ੍ਰਿਸਕਾਰ ਤੇ ਮਾਨ-ਹਾਨੀ ਹੈ। ਜਿਸ ਕਦਰ ਕਾਫ਼ਰਾਂ ਦੀ ਇੱਜ਼ਤ ਹੋਵੇਗੀ, ਉਸ ਕਦਰ ਇਸਲਾਮ ਦੀ ਹਤਕ ਹੁੰਦੀ ਹੈ। ਇਸ ਮੁਢਲੀ ਗੱਲ ਨੂੰ ਹਮੇਸ਼ਾ ਧਿਆਨ ਵਿਚ ਰਖਣਾ ਚਾਹੀਦਾ ਹੈ। ਅਕਸਰ ਲੋਕਾਂ ਨੇ ਇਸ ਚੰਗੀ ਗੱਲ ਨੂੰ ਭੁਲਾ ਲਿਆ ਹੈ ਤੇ ਇਸਲਾਮੀ ਦੀਨ ਨੂੰ ਬਰਬਾਦ ਕਰ ਦਿਤਾ ਹੈ।"

ਗੁਰੂ ਅਰਜਨ ਦੇਵ ਜੀ ਦੇ ਕਾਤਲ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ ੧੬੧੫ ਈ: ਵਿਚ ਕੋਟ ਕਾਂਗੜੇ (ਕਾਂਗੜੇ ਦਾ ਕਿਲ੍ਹਾ) ਨੂੰ ਫ਼ਤਹ ਕਰਨ ਦਾ ਹੁਕਮ ਦਿਤਾ। ਉਸ ਸਾਲ ਉਸ ਨੇ ਕਾਂਗੜਾ ਜਿਤ ਲਿਆ। ਅਗਲੇ ਸਾਲ, ਭਾਵ, ੧੬੧੬ ਵਿਚ ਵਾਪਸੀ ਤੇ ਪਠਾਨਕੋਟ ਆ ਕੇ ਰਾਹ ਵਿਚ ਹੀ ਉਹ ਮਰ ਗਿਆ। ਮੁਜੱਦਦ ਉਸ ਵਲ ਆਪਣੇ ਆਖ਼ਰੀ ਖਤ ਵਿਚ ਲਿਖਦਾ ਹੈ—"...ਇਨ੍ਹਾਂ ਅਭਾਗੇ ਤੇ ਇਨ੍ਹਾਂ ਝੂਠੇ ਖ਼ੁਦਾਵਾਂ (ਕਾਂਗੜੇ ਕੋਟ ਦੇ ਮੰਦਰਾਂ ਦੀਆਂ ਪ੍ਰਾਚੀਨ ਦੇਵ ਮੂਰਤੀਆਂ) ਦੀ ਬੇਅਦਬੀ ਅਤੇ ਤੌਹੀਨ ਕਰਨ ਵਿਚ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ। ਇਨ੍ਹਾਂ ਲੋਕਾਂ (ਹਿੰਦੂਆਂ) ਦੀ ਮੁਕੰਮਲ ਬਰਬਾਦੀ ਵਾਸਤੇ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਰੀਰ ਦੀ ਕਮਜ਼ੋਰੀ ਅਤੇ ਵਧਦੀ ਸਰਦੀ ਦੇ ਕਾਰਨ ਮੈਂ ਰੁਕਿਆ ਹਾਂ, ਆ ਨਹੀਂ ਸਕਦਾ, ਵਰਨਾ ਇਹ ਫ਼ਕੀਰ (ਅਰਥਾਤ ਮੁਜੱਦਦ) (ਫ਼ਕੀਰ ਆਪਣੇ ਆਪ ਨੂੰ ਲਿਖਦਾ ਹੈ) ਆਪ ਤੁਹਾਡੀ ਸੇਵਾ ਵਿਚ ਹਾਜ਼ਰ ਹੁੰਦਾ। ਮੈਂ ਇਸ ਪੱਥਰ (ਮੂਰਤੀਆਂ) ਉਤੇ (ਆ ਕੇ) ਥੁਕਦਾ, ਤੇ ਇਸ ਤਰ੍ਹਾਂ ਕਰ ਕੇ ਆਪਣੇ ਆਪ ਨੂੰ ਇਸ ਪੁੰਨ ਖਟਣ ਦਾ ਵਡਭਾਗੀ ਬਣਾਉਂਦਾ।"

ਇਸ ਤਰ੍ਹਾਂ ਦਾ ਬੇ-ਓੜਕ ਗੰਦ ਘੋਲਿਆ ਹੈ ਸ਼ੇਖ ਸਾਹਿਬ ਨੇ। ਦਿਲ ਤਾਂ ਚਾਹੁੰਦੇ ਇਸ ਬੰਦੇ ਦੇ ਘਿਨਾਉਣੇ ਚਿਹਰੇ ਤੋਂ ਪੂਰਾ ਪਰਦਾ ਉਤਾਰ ਕੇ ਰਖਦਿਆਂ, ਪਰ ਗੱਲ ਅਸਲ ਮੁੱਦੇ ਤੋਂ ਹਟ ਕੇ ਦੂਰ ਜਾ ਰਹੀ ਹੈ। ਇਸ ਥੋੜੇ ਜਿਹੇ ਜ਼ਿਕਰ ਤੋਂ ਹੀ ਸਿਆਣੇ ਪਾਠਕ ਬਹੁਤ ਕੁਝ ਸਮਝ ਸਕਦੇ ਹਨ। ਇਕ ਕਤਾਰ ਵਿਚ ਸਾਰੇ ਖੜੇ ਕਰ ਦਿਤੇ ਹਨ। ਫੈਸਲਾ ਆਪ ਜੀ ਤੇ ਹੈ, ਤੁਸੀਂ ਜਾਂਚ ਘੋਖ ਲਵੋ ਕਿ ਗੁਰੂ ਸਾਹਿਬਾਨ ਤੇ ਖਾਲਸਾ ਪੰਥ ਦੇ ਜੋ ਕਤਲਿ ਆਮ ਹੋਏ, ਉਨ੍ਹਾਂ ਪਿਛੇ ਕਿਸ ਦਾ ਹੱਥ ਹੈ। ਗੱਲ ਬਹੁਤ ਲੰਮੀ ਹੋ ਗਈ ਹੈ। "ਸੂਰਾ" ਦੇ ਪਾਠਕਾਂ ਪਾਸੋਂ ਤਹਿ-ਦਿਲੋਂ ਮੁਆਫੀ ਮੰਗਦਾ ਹਾਂ। ਬਖਸ਼ੇ ਜਾਣ ਦੀ ਪੂਰਨ ਆਸ ਨਾਲ। [ਸਮਾਪਤ]

**ਨੋਟ** : ਮੁਜੱਦਦ ਅਲਫ਼ ਸਾਨੀ ਦਾ ਫ਼ੌਜ ਵਿਚ ਵਧ ਰਿਹਾ ਜ਼ੋਰ ਤੇ ਉਸ ਦੀਆਂ ਹੱਦੋਂ ਵਧ ਰਾਜਸੀ ਸੰਚਾਲਣ ਵਿਚ ਦਖ਼ਲ-ਅੰਦਾਜ਼ੀ ਤੋਂ ਤੰਗ ਆ ਕੇ, ਅੰਤ ਨੂੰ ਜਹਾਂਗੀਰ ਨੇ ਇਸ ਬੰਦੇ ਨੂੰ ਗਵਾਲੀਅਰ ਜੇਲ੍ਹ ਵਿਚ ਕੈਦ ਕਰ ਦਿਤਾ ਸੀ। ਇਸ ਬਾਰੇ ਉਹ ਆਪਣੀ "ਤੋਜ਼ਕਿ ਜਹਾਂਗੀਰੀ" ਸਫ਼ਾ ੨੭੨/੭੩ (ਸਰ ਸੱਯਦ ਅਹਿਮਦ ਖਾਨ ਵਲੋਂ ਐਡਿਟ ਕੀਤੀ ਹੋਈ) ਉਤੇ ਲਿਖਦਾ ਹੈ—"ਮੈਨੂੰ ਬਿਲਕੁਲ ਚੰਗੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਸ਼ੇਖ ਦਾ ਦਿਮਾਗ ਠਿਕਾਣੇ ਲਾਉਣ ਲਈ ਇਸਨੂੰ ਬੰਦੀਖਾਨੇ ਵਿਚ ਸੁਟਣਾ ਬਿਲਕੁਲ ਲਾਜ਼ਮੀ ਹੋ ਗਿਆ ਹੈ, ਤਾਂ ਜੁ ਇਸ ਦਾ ਖਿੰਡਿਆ ਤੇ ਭਰਮ-ਭ੍ਰਿਸ਼ਟ ਮਨ, ਮੁੜ ਅਸਲ ਟਿਕਾਣੇ ਤੇ ਆ ਜਾਵੇ। ਇਸ ਦੇ ਨਾਲ ਹੀ ਲੋਕਾਂ ਵਿਚ ਜੋ ਇਸ ਸ਼ੇਖ ਦੀਆਂ ਊਟ ਪਟਾਂਗ ਤੇ ਬੇਤੁਕੀਆਂ ਗੱਲਾਂ ਕਾਰਨ 'ਹਲ-ਚਲ' ਮਚੀ ਹੋਈ ਹੈ, ਉਹ ਵੀ ਦਰੁਸਤ ਹੋ ਜਾਵੇ।"

## [ਫ਼ੁਟ ਨੋਟ ਤੇ ਹਵਾਲੇ]

੪. ਸ਼ੇਖ ਮੁਹੰਮਦ ਇਕਰਾਮ—ਰੋਦਿ ਕੋਸਰ, ਲਾਹੌਰ (ਉਰਦੂ ਵਿਚ), ਸੰਨ ੧੯੫੮, ਸਫ਼ਾ ੪੧੪.
"ਔਰੰਗਜ਼ੇਬ ਨੇ ਜਿਨ ਅਸੂਲੋਂ ਪਰ ਅਪਨੀ ਹਕੂਮਤ ਕਾ ਨਜ਼ਮੇ ਨਸਕ ਕਾਇਮ ਕੀਆ, ਵੁਹ ਬਿਲਕੁਲ ਵੁਹੀ ਥੇ ਜਿਸ ਕੀ ਤਲਕੀਨ ਹਜ਼ਰਤ ਮੁਜੱਦਦ ਕੇ ਮਕਤੂਬਾਤ ਮੇਂ ਹੋ ਚੁਕੀ ਥੀ।"



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੧)

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ,
ਉਨਮਨ ਉਨਮਤ ਬਿਸਮ ਬਿਸ੍ਵਾਸ ਹੈ ॥
ਆਤਮ ਤਰੰਗ ਬਹੁ ਰੰਗ, ਅੰਗ ਅੰਗ ਛਬਿ,
ਅਨਿਕ ਅਨੂਪ ਰੂਪ ਊਪ ਕੋ ਪ੍ਰਗਾਸ ਹੈ ॥
ਸ੍ਵਾਦ ਬਿਸਮਾਦ ਬਹੁ ਬਿਬਿਧ ਸੁਰਤਿ ਸਰਬ,
ਰਾਗ ਨਾਦ ਬਾਦ ਬਹੁ ਬਾਸਨਾ ਸੁਬਾਸ ਹੈ ॥
ਪਰਮਦਭੁਤ ਬ੍ਰਹਮਾਸਨ ਸਿੰਘਾਸਨ ਮੈ,
ਸੋਭਾ ਸਭ ਮੰਡਲ ਅਖੰਡਲ ਬਿਲਾਸ ਹੈ ॥੧੧੨॥

**ਪਦ ਅਰਥ** : ਅੰਮ੍ਰਿਤ ਨਿਧਾਨ—ਅੰਮ੍ਰਿਤ ਦਾ ਖ਼ਜ਼ਾਨਾ। ਪਾਨ—ਪੀ ਕੇ। ਪੂਰਨ ਹੁਇ—ਤ੍ਰਿਪਤ ਹੋਈਦਾ ਹੈ। ਉਨਮਨ—ਆਤਮ-ਸਮਾਧੀ। ਉਨਮਤ—ਮਸਤ। ਬਿਸਮ ਬਿਸ੍ਵਾਸ—ਅਸਚਰਜ ਭਰੋਸਾ। ਛਬਿ—ਸੋਭਾ, ਸੁੰਦਰਤਾ। ਊਪ—ਉਪਮਾ। ਪ੍ਰਗਾਸ—ਪ੍ਰਕਾਸ਼। ਬਿਬਿਧ—ਕਈ ਤਰ੍ਹਾਂ ਦਾ। ਸੁਰਤਿ—ਕੰਨਾਂ ਦੀ ਸ੍ਰੋਤ। ਨਾਦ—ਧੁਨੀ। ਬਾਦ—ਵਾਜੇ। ਬਾਸਨਾ—ਮਹਿਕ। ਸੁਬਾਸ—ਸੁਗੰਧੀ। ਪਰਮਦਭੁਤ—ਪਰਮ ਅਦਭੁਤ, ਬਹੁਤ ਹੀ ਅਸਚਰਜ। ਬ੍ਰਹਮਾਸਨ—ਦਸਮ ਦੁਆਰ। ਸਿੰਘਾਸਨ—ਨਿਵਾਸ। ਅਖੰਡਲ—ਇਕ-ਰਸ, ਅਡੋਲ ਲਗਾਤਾਰੀ। ਬਿਲਾਸ—ਅਨੰਦ, ਖੇੜਾ।

**ਅਰਥ** : (ਗੁਰਮੁਖ ਜਨ ਜਦੋਂ ਦਸਮ ਦੁਆਰ ਵਿਚ ਟਿਕ ਕੇ) ਨਾਮ-ਅੰਮ੍ਰਿਤ-ਭੰਡਾਰ ਦੇ ਅਧਿਆਤਮਕ ਪ੍ਰੇਮ-ਰਸ ਨੂੰ ਪੀ ਕੇ ਪੂਰਨ ਤ੍ਰਿਪਤ ਹੁੰਦਾ ਹੈ, ਤਦੋਂ ਉਚੀ ਆਤਮ-ਸਮਾਧੀ ਵਿਚ ਲੀਨ ਹੋ ਕੇ ਅਲੌਕਿਕ ਮਸਤੀ ਨੂੰ ਮਾਣਦਾ ਹੈ, ਇਸ ਅਵਸਥਾ ਵਿਚ ਉਸਦਾ ਅਚਰਜ ਭਰੋਸਾ ਹੁੰਦਾ ਹੈ।

ਬਹੁ-ਰੰਗੀ ਆਤਮ ਲਹਿਰਾਂ ਉਪਜਣ ਕਰਕੇ, ਉਸ ਦੇ ਅੰਗ ਅੰਗ ਦੀ ਸੋਭਾ, ਬਹੁਤ ਹੀ ਅਨੂਪਮ ਰੂਪ ਵਾਲੀ ਉਪਮਾ ਦਾ ਪ੍ਰਕਾਸ਼ ਕਰ ਰਹੀ ਹੁੰਦੀ ਹੈ। (ਭਾਵ, ਉਸ ਦੀ ਅਤੀ ਸੁੰਦਰ ਸੋਭਾ ਦੀ ਉਪਮਾ ਦਾ ਕੋਈ ਅੰਤ ਨਹੀਂ)।

(ਪ੍ਰੇਮ-ਰਸ ਅੰਮ੍ਰਿਤ ਪਾਨ ਕਰਨ ਦਾ) ਸਵਾਦ ਬਿਸਮਾਦ ਕਰਨ ਵਾਲਾ ਹੈ। ਕੰਨਾਂ ਦੀ ਸ੍ਰੋਤ ਵਿਚ ਸਭ ਰਾਗ-ਰਾਗਣੀਆਂ ਦੀ ਅਤੇ ਕਈ ਤਰ੍ਹਾਂ ਦੇ ਵਾਜਿਆਂ ਦੀ ਧੁਨੀ ਸੁਣਾਈ ਦਿੰਦੀ ਹੈ ਅਤੇ (ਨਾਸਕਾ ਨੂੰ) ਬਹੁ-ਪ੍ਰਕਾਰੀ ਸੁਗੰਧੀ ਦੀ ਮਹਿਕ ਪ੍ਰਤੀਤ ਹੁੰਦੀ ਹੈ।

ਦਸਮ ਦੁਆਰ ਵਿਖੇ ਨਿਵਾਸ ਹੋਣ ਨਾਲ, ਸਾਰੇ ਮੰਡਲਾਂ ਦੀ ਪਰਮ ਅਦਭੁਤ ਸ਼ੋਭਾ ਸੋਭਨੀਕ ਹੋ ਰਹੀ ਹੁੰਦੀ ਹੈ ਅਤੇ ਉਸ ਅਸਥਾਨ ਵਿਖੇ ਟਿਕਣ ਦਾ ਅਨੰਦ ਇਕ-ਰਸ ਅਡੋਲ ਹੁੰਦਾ ਹੈ।੧੧੨।

ਬਜਥਾਵੰਤੇ ਜੰਤੇ ਜੈਸੇ ਬੇਦ ਉਪਚਾਰ ਕਰੈ,
ਬਜਥਾ ਬਿਰਤਾਂਤੁ ਸੁਨਿ ਹਰੈ ਦੁਖ ਰੋਗ ਕਉ ॥
ਜੈਸੇ ਮਾਤਾ ਪਿਤਾ ਹਿਤ-ਚਿਤ ਕੈ ਮਿਲਤ ਸੁਤੈ,
ਖਾਨ ਪਾਨ ਪੋਖਿ ਤੋਖਿ ਹਰਤ ਹੈ ਸੋਗ ਕਉ ॥
ਬਿਰਹਨੀ ਬਨਿਤਾ ਕਉ ਜੈਸੇ ਕਰਤਾਰੁ ਮਿਲੈ,
ਪ੍ਰੇਮ ਰਸ ਕੈ ਹਰਤ ਬਿਰਹ ਬਿਓਗ ਕਉ ॥
ਤੈਸੇ ਹੀ ਬਿਬੇਕੀ ਜਨ ਪਰਉਪਕਾਰ ਹੇਤ,
ਮਿਲਤ ਸਲਿਲ ਗਤਿ ਸਹਜ ਸੰਜੋਗ ਕਉ ॥੧੧੩॥

**ਪਦ ਅਰਥ** :—ਬਜਥਾਵੰਤੇ ਜੰਤੇ—ਰੋਗੀ ਮਨੁਖ ਦਾ। ਉਪਚਾਰ—ਇਲਾਜ। ਬਜਥਾ—ਪੀੜਾ, ਰੋਗ।

ਹਰੈ—ਦੂਰ ਕਰਦਾ ਹੈ। ਹਿਤ ਚਿਤ ਕੈ-ਦਿਲੀ ਪਿਆਰ ਨਾਲ। ਸੁਤੈ—ਪੁਤਰ ਨੂੰ। ਪੋਖਿ, ਤੋਖਿ—ਪਾਲਣ ਪੋਸਣ। ਹਰਤ ਹੈ—ਦੂਰ ਕਰਦੇ ਹਨ। ਸੋਗ—ਦੁਖ। ਬਿਰਹਨੀ—ਵਿਛੜੀ ਹੋਈ। ਬਨਿਤਾ—ਪਤਨੀ। ਭਰਤਾਰੁ—ਪਤੀ। ਬਿਰਹ—ਵਿਛੋੜੇ ਦੀ ਪੀੜਾ। ਬਿਓਗ—ਵਿਛੋੜਾ। ਬਿਬੇਕੀ—ਗਿਆਨ-ਵਿਚਾਰੀ, ਨਾਮ-ਰਸੀਆ ਗੁਰੂ ਦਾ ਸੱਚਾ ਸਿਖ। ਹੇਤ--ਵਾਸਤੇ। ਸਲਿਲ ਗਤਿ—ਪਾਣੀ ਵਾਂਗ।

**ਅਰਥ** : ਜਿਵੇਂ ਰੋਗੀ ਮਨੁੱਖ ਦਾ ਵੈਦ ਇਲਾਜ ਕਰਦਾ ਹੈ ਅਤੇ ਉਸ ਦੇ ਦੁਖ ਦਾ ਹਾਲ ਸੁਣ ਕੇ, ਰੋਗ ਦੇ ਦੁਖ ਨੂੰ ਦੂਰ ਕਰਦਾ ਹੈ।

ਜਿਵੇਂ ਮਾਤਾ ਪਿਤਾ ਹਿਰਦਿਓਂ ਪਿਆਰ ਨਾਲ ਪੁੱਤਰ ਨੂੰ ਮਿਲਦੇ ਹਨ ਅਤੇ ਉਸ ਨੂੰ ਖੁਆ ਪਿਆ ਕੇ ਪਾਲਦੇ ਪੋਸਦੇ ਹਨ ਅਤੇ ਉਸ ਦੇ ਦੁਖ-ਦਰਦ ਨੂੰ ਦੂਰ ਕਰਦੇ ਹਨ।

ਜਿਵੇਂ ਵਿਛੜੀ ਪਤਨੀ ਨੂੰ ਜਦ ਪਤੀ ਮਿਲਦ ਹੈ ਤਾਂ ਉਹ ਪ੍ਰੇਮ-ਰਸ ਦੁਆਰਾ ਉਸ ਦੇ ਵਿਛੋੜੇ ਦੀ ਪੀੜਾ ਨੂੰ ਦੂਰ ਕਰਦਾ ਹੈ।

ਤਿਵੇਂ ਹੀ ਗੁਰੂ ਦੇ ਵਰੋਸਾਏ ਨਾਮ-ਰਸ-ਗੀਧੇ ਧਰਮੀ ਜਨ, ਉਪਕਾਰ ਦੀ ਖ਼ਾਤਰ (ਲੋੜਵੰਦਾਂ ਨੂੰ) ਪਾਣੀ ਵਾਂਗ ਨਿਰਮਾਣ ਹੋ ਕੇ ਸਹਜ-ਸੰਜੋਗ ਨਾਲ ਹੀ ਜਾ ਮਿਲਦੇ ਹਨ।੧੧੩।

**ਬਜਬਾਵੰਤੇ ਬੈਦ ਰੂਪ, ਜਾਚਿਕ ਦਾਤਾਰ ਗਤਿ,**
**ਗਾਹਕੈ ਬਜਾਪਾਰੀ ਹੋਇ, ਮਾਤ ਪਿਤਾ ਪੂਤ ਕਉ॥**
**ਨਾਰਿ ਭਰਤਾਰ ਬਿਧਿ, ਮਿਤ੍ਰ ਮਿਤ੍ਰਾਈ ਰੂਪ,**
**ਸੁਜਨ ਕੁਟੰਬ ਸਖਾ ਭਾਇ ਚਾਇ ਸੂਤ ਕਉ॥**
**ਲੋਗਨ ਮੈ ਲੋਗਾਚਾਰ ਬੇਦ ਕੈ ਬੇਦ ਬੀਚਾਰ,**
**ਗਿਆਨ ਗੁਰ ਏਕੰਕਾਰ ਅਵਧੂਤ ਅਵਧੂਤ ਕਉ॥**
**ਬਿਰਲੋ ਬਿਬੇਕੀ ਜਨ ਪਰਉਪਕਾਰ ਹੇਤ,**
**ਮਿਲਤ ਸਲਿਲ ਗਤਿ ਸ੍ਰਬੰਗ ਕਉ ਭੂਤ॥੧੧੪॥**

**ਪਦ ਅਰਥ** : ਬਜਬਾਵੰਤੈ—ਰੋਗੀ ਲਈ। ਬੈਦ--ਵੈਦ, ਹਕੀਮ। ਜਾਚਿਕ--ਮੰਗਤਾ। ਗਤਿ--ਵਾਂਗ। ਬਜਾਪਾਰੀ--ਵਪਾਰੀ। ਨਾਰਿ--ਪਤਨੀ। ਭਰਤਾਰ--ਭਰਤਾ, ਪਤੀ। ਬਿਧਿ--ਵਾਂਗ। ਸੁਜਨ ਕੁਟੰਬ--ਸਕੇ ਸਨਬੰਧੀਆਂ ਲਈ। ਭਾਇ—ਪ੍ਰੇਮ ਨਾਲ। ਚਾਇ--ਉਤਸ਼ਾਹ ਨਾਲ। ਸੂਤ--ਮਰਯਾਦਾ। ਬੇਦ ਕੈ--ਗਿਆਨ-ਅੰਸੀਆਂ ਲਈ। ਗਿਆਨ ਗੁਰ--ਗੁਰੂ (ਸ੍ਰੇਸ਼ਟ) ਗਿਆਨ। ਅਵਧੂਤ--ਤਿਆਗੀ। ਬਿਬੇਕੀ—ਗਿਆਨ-ਵਿਚਾਰੀ, ਨਾਮ-ਅਹਾਰੀ ਗੁਰਸਿਖ। ਹੇਤ—ਵਾਸਤੇ। ਸਲਿਲ ਗਤਿ—ਪਾਣੀ ਵਾਂਗ। ਸ੍ਰਬੰਗ ਭੂਤ--ਸਾਰੇ ਸਰੀਰਾਂ, ਪ੍ਰਾਣੀ ਮਾਤ੍ਰ ਵਿਚ।

**ਅਰਥ** : (ਗਿਆਨ-ਵਿਚਾਰੀ ਗੁਰਸਿਖ, ਪਰਉਪਕਾਰ ਨਮਿਤ) ਰੋਗੀ ਲਈ ਵੈਦ ਰੂਪ ਵਿਚ, ਮੰਗਤੇ ਲਈ ਦਾਤੇ ਵਾਂਗ, ਗਾਹਕ ਲਈ ਵਪਾਰੀ ਹੋ ਕੇ ਅਤੇ ਪੁੱਤਰ ਲਈ ਮਾਤਾ ਪਿਤਾ ਰੂਪ ਵਿਚ (ਬਹੁੜਦੇ ਹਨ)।

(ਨਾਮ-ਅਹਾਰੀ ਗੁਰਸਿਖ, ਪਰਉਪਕਾਰ ਦੀ ਖ਼ਾਤਰ)ਪਤੀ ਤੇ ਪਤਨੀ ਵਾਂਗ, ਮਿੱਤਰਾਂ ਨੂੰ ਮਿੱਤਰ ਰੂਪ ਵਿਚ ਅਤੇ ਸਕੇ ਸਨਬੰਧੀਆਂ ਮਿਤਰਾਂ ਨੂੰ ਪ੍ਰੇਮ ਤੇ ਉਤਸ਼ਾਹ ਨਾਲ ਆਪੋ ਆਪਣੀ)ਮਰਯਾਦਾ ਅਨੁਸਾਰ(ਆ ਮਿਲਦੇ ਹਨ)।

(ਬਿਬੇਕੀ ਗੁਰਸਿਖ) ਵਾਹਿਗੁਰੂ ਦਾ ਸ੍ਰੇਸ਼ਟ (ਗੁਰੂ) ਗਿਆਨ ਧਾਰਨ ਕਰ ਕੇ, ਲੋਕਾਂ ਵਿਚ ਲੋਕਾਚਾਰੀ ਹੋ ਕੇ, ਗਿਆਨ-ਅੰਸੀਆਂ ਵਿਚ ਗਿਆਨਾਚਾਰੀ ਹੋ ਕੇ ਅਤੇ ਤਿਆਗੀਆਂ ਵਿਚ ਤਿਆਗੀ ਹੋ ਕੇ (ਆਇ ਮਿਲਦੇ ਹਨ)।

(ਅਜਿਹਾ) ਕੋਈ ਵਿਰਲਾ ਹੀ ਗਿਆਨ-ਵਿਚਾਰ ਵਾਲਾ ਗੁਰਸਿਖ (ਹੁੰਦਾ ਹੈ ਜੋ) ਪਰਉਪਕਾਰ ਖ਼ਾਤਰ, ਪਾਣੀ ਵਾਂਗ ਨਿਰਮਾਣ ਹੋ ਕੇ, ਸਮੂਹ ਪ੍ਰਾਣੀਆਂ ਨੂੰ ਜਾ ਮਿਲਦਾ ਹੈ।੧੧੪।

ਦਰਸਨ ਧਿਆਨ ਦਿਬਿ ਦੇਹ ਕੈ ਬਿਦੇਹ ਭਏ,
ਦ੍ਰਿਗ ਦਿਬਿ ਦ੍ਰਿਸਟਿ ਬਿਖੈ ਭਾਉ ਭਗਤਿ ਚੀਨ ਹੈ ॥
ਅਧਿਆਤਮ ਕਰਮ ਕਰਿ ਆਤਮ ਪ੍ਰਵੇਸ,
ਪਰਮਾਤਮ ਪ੍ਰਵੇਸ ਸਰਬਾਤਮ ਲਿਉ ਲੀਨ ਹੈ ॥
ਸਬਦ ਗਿਆਨ ਪਰਵਾਨ ਹੁਇ ਨਿਧਾਨ ਪਾਏ,
ਪਰਮਾਰਥ ਸਬਦਾਰਥ ਪ੍ਰਬੀਨ ਹੈ ॥
ਤਤੈ ਮਿਲੈ ਤਤ, ਜੋਤੀ ਜੋਤਿ ਕੈ ਪਰਮ ਜੋਤਿ,
ਪ੍ਰੇਮ ਰਸ ਬਸਿ ਭਏ ਜੈਸੇ ਜਲ ਮੀਨ ਹੈ ॥੧੧੫॥

**ਪਦ ਅਰਥ** : ਦਰਸਨ ਧਿਆਨ ਦਿਬਿ—ਅਲੌਕਿਕ ਦਰਸ਼ਨ ਦਾ ਧਿਆਨ। ਬਿਦੇਹ--ਦੇਹ-ਅਭਿਮਾਨ ਤੋਂ ਰਹਿਤ ਹੋਣਾ। ਦ੍ਰਿਗ—ਨੇਤਰ। ਦਿਬਿ ਦ੍ਰਿਸਟਿ—ਅਲੌਕਿਕ ਦ੍ਰਿਸ਼ਟੀ, ਜਿਸ ਨਾਲ ਸਾਰੇ ਗੁਪਤ ਅਸਥਾਨ ਨਜ਼ਰ ਆਉਣ। ਬਿਖੈ--(ਦ੍ਰਿਸ਼ਟੀ-ਨਜ਼ਰ) ਵਿਚ। ਭਾਉ ਭਗਤਿ--ਪ੍ਰੇਮਾ ਭਗਤੀ। ਚੀਨ--ਪਛਾਣ, ਸੋਝੀ। ਗਿਆਨ--ਸੋਝੀ ਨਿਧਾਨ--(ਨਾਮ-)ਖਜ਼ਾਨਾ। ਪਰਮਾਰਥ--ਅਧਿਆਤਮ ਤਤ ਦੀ ਵਿਆਖਿਆ,ਸਿਧਾਂਤ,ਨਿਚੋੜ। ਸ਼ਬਦਾਰਥ--ਸ਼ਬਦ ਦਾ ਅਰਥ, ਵਾਕ ਦਾ ਭਾਵ। ਅਧਿਆਤਮ ਕਰਮ—ਆਤਮ ਗਿਆਨ ਸੰਬੰਧੀ ਕਰਮ। ਪਰਮਾਤਮ ਪ੍ਰਵੇਸ—ਵਾਹਿਗੁਰੂ ਨਾਲ ਇਕ-ਮਿਕ ਹੋ ਕੇ। ਸਰਬਾਤਮ—ਸਭ ਜੀਆਂ ਵਿਚ ਵਸਦਾ ਵਾਹਿਗੁਰੂ। ਲਿਉ ਲੀਨ ਹੈ—ਲਿਵ ਜੁੜਦੀ ਹੈ। ਤਤੈ—ਤਤ ਨਾਲ। ਪਰਮ ਜੋਤਿ—ਮਹਾਨ ਜੋਤੀ ਵਾਹਿਗੁਰੂ। ਬਸਿ ਭਏ- ਵਸ ਜਾਂਦੇ ਹਨ, ਲੀਨ ਹੁੰਦੇ ਹਨ। ਮੀਨ—ਮੱਛੀ।

**ਅਰਥ :** (ਗੁਰਮੁਖ ਜਨ ਸਤਿਗੁਰੂ ਦੇ) ਅਲੌਕਿਕ ਦਰਸ਼ਨ ਦੇ ਧਿਆਨ ਕਾਰਨ ਦੇਹੀ ਵਿਚ ਵਿਚਰਦਿਆਂ, ਦੇਹ-ਅਭਿਮਾਨ ਤੋਂ ਮੁਕਤ ਹੋ ਜਾਂਦੇ ਹਨ ਅਤੇ ਸਤਿਗੁਰੂ ਦੇ ਨੇਤਰਾਂ ਦੀ ਦਿਬ ਦ੍ਰਿਸ਼ਟੀ ਸਦਕਾ, ਉਨ੍ਹਾਂ ਦੇ ਨੇਤਰਾਂ ਵਿਚ ਪ੍ਰੇਮਾ ਭਗਤੀ ਦੀ ਸੋਝੀ ਹੋ ਆਉਂਦੀ ਹੈ।

(ਗੁਰੂ ਦਾ ਅਨੁਸਾਰੀ ਗੁਰਸਿਖ) ਆਤਮ-ਗਿਆਨ-ਕਰਮਾਂ ਕਰਕੇ ਨਿਜ ਆਤਮ-ਸਰੂਪ ਵਿਚ ਟਿਕ ਜਾਂਦਾ ਹੈ ਅਤੇ ਵਾਹਿਗੁਰੂ ਨਾਲ ਇਕ-ਮਿਕ ਹੋ ਕੇ, ਪ੍ਰਾਣੀ ਮਾਤ੍ਰ ਵਿਚ ਵਸਦੇ ਪ੍ਰਭੂ ਦੀ ਜੋਤੀ ਦਾ ਅਨੁਭਵ ਕਰਦਾ, ਉਸੇ ਵਿਚ ਲਿਵ-ਲੀਨ ਰਹਿੰਦਾ ਹੈ।

(ਗੁਰੂ ਦਾ ਅਨਿੰਨ ਸੇਵਕ) ਸ਼ਬਦ ਦੇ ਗਿਆਨ (ਨਾਮ-ਅਭਿਆਸ ਦੀ ਸੋਝੀ) ਦੁਆਰਾ ਪ੍ਰਵਾਣ ਹੋ ਕੇ ਨਾਮ-ਖ਼ਜ਼ਾਨਾ ਪ੍ਰਾਪਤ ਕਰ ਲੈਂਦਾ ਹੈ ਅਤੇ ਅਧਿਆਤਮ ਤੱਤ ਦੇ ਸਿਧਾਂਤ ਨੂੰ ਸਹੀ ਤੌਰ ਤੇ ਸਮਝਣ ਵਿਚ ਨਿਪੁੰਨ ਹੋ ਜਾਂਦਾ ਹੈ।

(ਜਿਵੇਂ) ਤੱਤ ਵਿਚ ਤੱਤ ਮਿਲ ਜਾਂਦਾ ਹੈ, (ਜਿਵੇਂ ਦੀਵੇ ਦੀ) ਜੋਤੀ (ਦੂਜੇ ਦੀਵੇ ਦੀ) ਜੋਤੀ ਨਾਲ ਇਕ-ਰੂਪ ਹੁੰਦੀ ਹੈ (ਤਿਵੇਂ ਗੁਰਮੁਖ ਦੀ) ਆਤਮ-ਜੋਤੀ ਪਰਮਾਤਮ-ਜੋਤੀ ਨਾਲ ਇਕ-ਰੂਪ ਹੋ ਜਾਂਦੀ ਹੈ ਅਤੇ ਉਹ ਵਾਹਿਗੁਰੂ ਦੇ ਅਲੌਕਿਕ ਰਸ ਵਿਚ ਇਉਂ ਲੀਨ ਹੁੰਦਾ ਹੈ ਜਿਵੇਂ ਮੱਛੀ ਪਾਣੀ ਵਿਚ (ਤਾਰੀਆਂ ਲੈਂਦੀ) ਅਨੰਦ-ਮਗਨ ਹੁੰਦੀ ਹੈ।੧੧੫।

ਅਧਿਆਤਮ ਕਰਮ ਪਰਮਾਤਮ ਪਰਮ ਪਦ,
ਤਤ ਮਿਲਿ ਤਤਹਿ ਪਰਮ ਤਤ ਵਾਸੀ ਹੈ ॥
ਸਬਦ ਬਿਬੇਕ ਟੇਕ ਏਕ ਹੀ ਅਨੇਕ ਮੇਕ,
ਜੰਤ੍ਰ ਧੁਨਿ ਰਾਗ ਨਾਦ ਅਨਭੈ ਅਭਿਆਸੀ ਹੈ ॥
ਦਰਸ ਧਿਆਨ ਉਨਮਾਨ ਪ੍ਰਾਨ ਪ੍ਰਾਨਪਤਿ,
ਅਬਿਗਤਿ ਗਤਿ ਅਤਿ ਅਲਖ ਬਿਲਾਸੀ ਹੈ ॥


www.AKJ.Org

ਅੰਮ੍ਰਿਤ ਕਟਾਛ ਦਿਬਿ ਦੇਹ ਕੈ ਬਿਦੇਹ ਭਏ,
ਜੀਵਨ ਮੁਕਤਿ ਕੋਊ ਬਿਰਲੋ ਉਦਾਸੀ ਹੈ ॥੧੧੬॥

**ਪਦ ਅਰਥ** : ਅਧਿਆਤਮ ਕਰਮ—ਆਤਮ-ਗਿਆਨ ਸੰਬੰਧੀ ਕਰਮ । ਪਰਮ ਪਦ—ਉਚ ਗਿਆਨ ਅਵਸਥਾ । ਤਤਹਿ—ਤੱਤ ਵਿਚ । ਪਰਮ ਤਤ—ਵਾਹਿਗੁਰੂ । ਸਬਦ ਬਿਬੇਕ—ਗੁਰ-ਸ਼ਬਦ-ਗਿਆਨ । ਮੇਕ—ਮਿਲਿਆ ਹੋਇਆ । ਜੰਤ੍ਰ—ਵਾਜਾ । ਧੁਨਿ—ਧੁਨੀ, ਗੂੰਜ । ਨਾਦ—ਸ਼ਬਦ । ਅਨਭੈ—ਨਿਰਭਉ । ਅਭਿਆਸੀ—(ਨਾਮ-) ਅਭਿਆਸੀ । ਉਨਮਾਨ—ਅਨੁਮਾਨ, ਅੰਦਾਜ਼ਾ । ਪ੍ਰਾਨ—ਸਵਾਸ । ਪ੍ਰਾਨਪਤਿ—ਪ੍ਰਾਣਾਂ ਦਾ ਪਤੀ, ਵਾਹਿਗੁਰੂ । ਅਬਿਗਤਿ—ਅਬਿਨਾਸ਼ੀ, ਵਾਹਿਗੁਰੂ । ਗਤਿ—ਦਸ਼ਾ । ਅਲਖ—ਸਮਝ ਤੋਂ ਪਰੇ ਵਾਹਿਗੁਰੂ । ਬਿਲਾਸੀ—ਅਨੰਦ ਮਈ । ਕਟਾਛ ਦਿਬਿ—ਅਲੌਕਿਕ ਕਿਰਪਾ ਦ੍ਰਿਸ਼ਟੀ । ਦੇਹ ਕੈ ਬਿਦੇਹ ਭਏ--ਦੇਹੀ ਵਿਚ ਵਿਚਰਦਿਆਂ ਦੇਹ-ਅਭਿਮਾਨ ਤੋਂ ਰਹਿਤ ਹੋਣਾ । ਉਦਾਸੀ—ਉਪਰਾਮ ਬਿਰਤੀ ਵਾਲਾ ।

**ਅਰਥ** : (ਕੋਈ ਵਿਰਲਾ ਗੁਰਮੁਖ) ਆਤਮ-ਗਿਆਨ-ਕਰਮਾਂ ਕਰਕੇ ਪਰਮਾਤਮ-ਮਿਲਾਪ ਦੀ ਉਚ ਗਿਆਨ ਅਵਸਥਾ ਨੂੰ ਪਾਉਂਦਾ ਹੈ ਅਤੇ ਤੱਤ ਵਿਚ ਤੱਤ ਮਿਲਣ ਵਾਂਗ ਵਾਹਿਗੁਰੂ ਵਿਚ ਮਿਲ ਜਾਂਦਾ ਹੈ ।

(ਜਿਵੇਂ) ਵਾਜੇ ਦੀ ਧੁਨੀ ਵਿਚ ਰਾਗ ਤੇ ਸ਼ਬਦ ਮਿਲੇ ਹੁੰਦੇ ਹਨ, ਤਿਵੇਂ (ਗੁਰਮੁਖ ਜਨ) ਗੁਰ-ਸ਼ਬਦ-ਗਿਆਨ ਦੇ ਆਸਰੇ, ਅਨੇਕਾਂ ਵਿਚ ਮਿਲੇ ਹੋਏ ਇਕ ਵਾਹਿਗੁਰੂ, ਨਿਰਭਉ ਵਾਹਿਗੁਰੂ ਵਿਚ ਲੀਨ ਹੋਇਆ ਨਾਮ-ਅਭਿਆਸੀ ਹੁੰਦਾ ਹੈ ।

(ਜਿਵੇਂ) ਪ੍ਰਾਣ, ਪ੍ਰਭੂ-ਸਿਮਰਨ ਕਰਕੇ ਪ੍ਰਾਣਪਤੀ ਵਾਹਿਗੁਰੂ ਨਾਲ ਇਕ-ਰੂਪ ਹੋ ਜਾਂਦੇ ਹਨ, (ਇਉਂ ਹੀ ਗੁਰਮੁਖ ਦੇ) ਗੁਰ-ਦਰਸ਼ਨ ਦੇ ਧਿਆਨ ਦਾ ਅਨੁਮਾਨ ਹੈ, ਭਾਵ, ਗੁਰਮੁਖ ਸਤਿਗੁਰੂ ਦੇ ਦਰਸ਼ਨ ਦੇ ਧਿਆਨ ਵਿਚ ਲਿਵਲੀਨ ਹੋ ਜਾਂਦਾ ਹੈ । (ਅਤੇ ਉਹ) ਅਬਿਨਾਸ਼ੀ ਤੇ ਅਲੱਖ ਵਾਹਿਗੁਰੂ ਨਾਲ (ਇਕ-ਮਿਕ ਹੋਇਆ) ਅਤੀ ਅਨੰਦ-ਮਈ ਦਸ਼ਾ ਨੂੰ ਮਾਨਣਹਾਰਾ ਹੋ ਜਾਂਦਾ ਹੈ ।

(ਸਤਿਗੁਰੂ ਦੀ) ਅੰਮ੍ਰਿਤ-ਭਰੀ ਅਲੌਕਿਕ ਦ੍ਰਿਸ਼ਟੀ ਹੋਣ ਤੇ ਉਹ ਦੇਹੋਂ ਬਿਦੇਹ ਹੋ ਜਾਂਦਾ ਹੈ, ਭਾਵ, ਉਸ ਨੂੰ ਆਪਣੀ ਦੇਹੀ ਦੀ ਸੋਝੀ ਨਹੀਂ ਰਹਿੰਦੀ, ਪਰ ਇਹੋ ਜਿਹੀ ਉਪਰਾਮ ਬ੍ਰਿਤੀ ਵਾਲਾ ਜੀਵਨ-ਮੁਕਤ ਗੁਰਮੁਖ ਕੋਈ ਵਿਰਲਾ ਹੁੰਦਾ ਹੈ ।੧੧੬।

ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ,
ਤਾਰਕਾ ਮੰਡਲ ਪਰਭਾਤ ਨ ਦਿਖਾਈਐ ॥
ਤਰਵਰ ਛਾਇਆ ਲਘੁ ਦੀਰਘੁ ਚਪਲ ਬਲ,
ਤੀਰਥ ਪੁਰਬ ਜਾਤ੍ਰਾ ਥਿਰੁ ਨ ਰਹਾਈਐ ॥
ਨਦੀ ਨਾਵ ਕੋ ਸੰਜੋਗ ਲੋਗ ਬਹੁਰਿਓ ਨ ਮਿਲੈ,
ਗੰਧ੍ਰਬ ਨਗਰ ਮ੍ਰਿਗ ਤ੍ਰਿਸਨਾ ਬਿਲਾਈਐ ॥
ਤੈਸੇ ਮਾਇਆ ਮੋਹ ਧੋਹ ਕੁਟੰਬ ਸਨੇਹ ਦੇਹ,
ਗੁਰਮੁਖਿ ਸਬਦ ਸੁਰਤਿ ਲਿਵ ਲਾਈਐ ॥੧੧੭॥

**ਪਦ ਅਰਥ** : ਚਰਿਤ੍ਰ—ਕੌਤਕ । ਤਾਰਕਾ ਮੰਡਲ—ਤਾਰਿਆਂ ਦਾ ਮੰਡਲ । ਪਰਭਾਤ—ਦਿਨ ਚੜ੍ਹੇ । ਤਰਵਰ—ਬ੍ਰਿਛ, ਰੁਖ । ਛਾਇਆ—ਪਰਛਾਵਾਂ, ਛਾਂ । ਲਘੁ—ਛੋਟੀ । ਦੀਰਘ—ਵਡੀ । ਦੀਰਘ ਬਲ—ਤੇਜ-ਮਈ ਬਲ । ਥਿਰ—ਅਸਥਿਰ, ਕਾਇਮ । ਨਾਵ—ਬੇੜੀ । ਗੰਧਰਬ ਨਗਰ—ਦੇਵਤਿਆਂ ਦੁਆਰਾ ਕਲਪਿਤ ਮਾਇਆ ਨਗਰੀ । ਮ੍ਰਿਗ ਤ੍ਰਿਸਨਾ—ਮਾਰੂਥਲ ਵਿਚ ਧੁਪ ਦੀ ਲਿਸ਼ਕ ਨੂੰ, ਪਿਆਸਾ ਹਿਰਨ ਪਾਣੀ ਸਮਝਕੇ ਉਸ ਵਲ ਦੌੜਦਾ ਹੈ, ਜੋ ਨਿਰਾ ਭੁਲੇਖਾ ਜਾਂ ਧੋਖਾ ਹੁੰਦਾ ਹੈ । ਬਿਲਾਈ—ਨਾਸ ਹੋਈ । ਬਿਲਾਈਐ—ਨਾਸ਼ ਹੁੰਦੀ ਹੈ । ਧੋਹ—ਧ੍ਰੋਹ, ਛਲ । ਸਨੇਹ—ਪਿਆਰ । ਦੇਹ—ਸਰੀਰ ।

[ਬਾਕੀ ਸਫ਼ਾ ੩੧ ਹੇਠ]



www.AKJ.Org

# ਕਥਿ ਕਥਿ ਬਾਦੁ ਕਰੇ ਦੁਖੁ ਹੋਈ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, ੧੬੨, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਅਕਾਲ ਪੁਰਖ, ਕਰਤਾਰ ਅਥਵਾ ਨਿਰੰਕਾਰ ਉਹ ਹਸਤੀ ਹੈ, ਜਿਹੜੀ ਸਾਡੇ ਮਨ ਦੀ ਪਹੁੰਚ ਤੋਂ ਪਰੇ ਹੈ ਤੇ ਅਲੱਖ ਹੈ। "ਉਹ ਕਿੱਡਾ ਵੱਡਾ ਹੈ" ਤਾਂ ਉਹ ਹੀ ਦਸੇ, ਜਿਸ ਉਸਨੂੰ ਵੇਖਿਆ ਹੋਵੇ। ਗੁਰੂ ਨਾਨਕ ਸਾਹਿਬ ਦਾ ਕਥਨ ਹੈ— ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥੧॥ (ਆਸਾ ਮ: ੧, ਪੰਨਾ ੯)

ਨਿਰੰਕਾਰ ਦਾ ਕਥਨ ਕਿਵੇਂ ਕੀਤਾ ਜਾਏ? ਅਲੱਖ ਦੀ ਸੋਭਾ ਕਿਵੇਂ ਬਿਆਨ ਹੋ ਸਕੇ? ਉਸ ਦੀ ਗਤ-ਮਿਤ ਨਹੀਂ ਪਾਈ ਜਾ ਸਕਦੀ ਤੇ ਸਿਆਣਪ-ਚਤੁਰਾਈ ਨਾਲ ਉਸ ਨੂੰ ਜਾਣਿਆਂ ਨਹੀਂ ਜਾ ਸਕਦਾ।

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥੮੨॥ [ਜਾਪੁ ਸਾਹਿਬ ਪਾ: ੧੦

ਭਾਵ, ਦੇਵਤੇ, ਵੇਦ, ਕਤੇਬ ਉਸ ਦੇ ਭੇਦ ਨੂੰ ਨਹੀਂ ਪਾ ਸਕੇ। ਗੁਰੂ ਅਰਜਨ ਸਾਹਿਬ ਰਾਮਕਲੀ ਰਾਗ ਵਿਚ ਲਿਖਦੇ ਹਨ—

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥੩੬॥ (ਪੰਨਾ ੮੯੪)

ਭਾਰਤ ਦੇ ਵਿਚਾਰਵਾਨਾਂ ਅਨੁਸਾਰ ਸੰਸਾਰ ਰਜੋ, ਤਮੋ ਤੇ ਸਤੋ ਤਿੰਨ ਗੁਣਾਂ ਦੇ ਮੇਲ ਦਾ ਨਤੀਜਾ ਹੈ। ਕੁਦਰਤ ਦਾ ਗਿਆਨ ਤਾਂ ਇਨ੍ਹਾਂ ਤਿੰਨਾਂ ਗੁਣਾਂ ਦਾ ਪਾਬੰਦ ਹੈ, ਕਿਉਂਕਿ ਸੰਸਾਰ ਦੀ ਹਰ ਵਸਤੂ ਇਨ੍ਹਾਂ ਗੁਣਾਂ ਕਾਰਨ ਹੈ। ਪਰ ਨਿਰੰਕਾਰ ਤਾਂ ਇਨ੍ਹਾਂ ਤਿੰਨਾਂ ਗੁਣਾਂ ਤੋਂ ਰਹਿਤ ਹੈ, ਉਸ ਦੇ ਤਾਂ ਅਨੇਕਾਂ ਗੁਣ ਹਨ। ਇਸ ਲਈ ਮਨੁੱਖ, ਜੋ ਤਿੰਨਾਂ ਗੁਣਾਂ ਵਿਚ ਬੱਝਾ ਹੋਇਆ ਹੈ, ਉਸ ਨੂੰ ਕਿਵੇਂ ਜਾਣ ਸਕਦਾ ਹੈ, ਜੋ ਇਨ੍ਹਾਂ ਗੁਣਾਂ ਤੋਂ ਪਰੇ ਹੈ। ਯੂਕਲਿਡ ਅਨੁਸਾਰ ਕੇਵਲ ਲੰਬਾਈ, ਚੌੜਾਈ ਤੇ ਉਚਾਈ ਦਾ ਖਿਆਲ ਹੀ ਕੀਤਾ ਜਾ ਸਕਦਾ ਹੈ, ਚੋਥੇ ਪਾਸੇ ਦਾ ਅਨੁਮਾਨ ਨਹੀਂ ਹੋ ਸਕਦਾ। ਇਸੇ ਤਰ੍ਹਾਂ ਨਿਰੰਕਾਰ ਨੂੰ ਮਨੋ-ਕਲਪਨਾ ਦੁਆਰਾ ਨਹੀਂ ਜਾਣਿਆ ਜਾ ਸਕਦਾ। ਭਾਵੇਂ ਐਨਸਟਾਈਨ ਨੇ ਚੌਥੇ ਪਾਸੇ ਦੇ ਖਿਆਲ ਨੂੰ ਪ੍ਰਚਲਤ ਕੀਤਾ ਹੈ। ਖ਼ਿਆਲੀ ਤੌਰ ਤੇ ਤਾਂ ਅਨੰਤ ਪਾਸਿਆਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ, ਪਰ ਯੂਕਲਿਡ ਦੇ ਕਥਨ ਅਨੁਸਾਰ ਪਰਤਾਵੇ ਦੇ ਤੌਰ ਤੇ ਅਸੀਂ ਤਿੰਨਾਂ ਪਾਸਿਆਂ ਤੋਂ ਪਰੇ ਨਹੀਂ ਜਾ ਸਕਦੇ। ਇਸੇ ਤਰ੍ਹਾਂ ਅਕਾਲ ਪੁਰਖ ਵੀ ਸਾਡੀ ਦ੍ਰਿਸ਼ਟੀ ਤੇ ਮਨੋ-ਕਲਪਨਾ ਦੇ ਅਨੁਮਾਨਾਂ ਤੋਂ ਪਰ੍ਹੇ ਹੈ। ਇਸੇ ਲਈ ਨਿਰੰਕਾਰ ਨੂੰ "ਅਗਮ ਤੇ ਅਗੋਚਰ" ਕਿਹਾ ਜਾਂਦਾ ਹੈ। ਭਾਵ ਇਹ ਹੈ ਕਿ ਉਹ ਸਾਡੇ ਮਨ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਬਾਹਰ ਹੈ। ਇਸ ਕਰਕੇ ਆਦਿ ਗੁਰੂ, ਗੁਰੂ ਨਾਨਕ ਸਾਹਿਬ ਨੇ ਕਿਹਾ ਹੈ— ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥੩॥ (ਮਾਰੂ ਸੋਲਹੇ ਮ: ੧–੧੦੩੮)

ਦਿੱਸਦਾ ਸੰਸਾਰ ਤਾਂ ਤਿੰਨਾਂ ਤਬਕਾਂ ਵਿਚ ਬੱਝਾ ਹੀ ਨਜ਼ਰ ਆਉਂਦਾ ਹੈ। ਇਸ ਲਈ ਨਿਰੰਕਾਰ ਨੂੰ

---

[ਸਫਾ ੩੦ ਦੀ ਬਾਕੀ] **ਅਰਥ :** (ਜਿਵੇਂ) ਸੁਪਨੇ ਦੇ ਕੌਤਕ ਜਾਗਦਿਆਂ ਨਹੀਂ ਵੇਖੀਦੇ ਅਤੇ ਤਾਰਿਆਂ ਦਾ ਮੰਡਲ ਦਿਨ ਚੜ੍ਹੇ ਤੇ ਨਹੀਂ ਦਿਸਦਾ।

(ਜਿਵੇਂ) ਬ੍ਰਿਛ ਦੀ ਛਾਂ (ਸੂਰਜ ਕਿਰਨਾਂ ਦੇ) ਤੇਜ-ਮਈ ਬਲ ਨਾਲ ਛੋਟੀ ਵਡੀ ਹੁੰਦੀ ਰਹਿੰਦੀ ਹੈ ਅਤੇ ਤੀਰਥਾਂ ਤੇ ਪੁਰਬਾਂ ਸਮੇਂ ਜਾਣ ਵਾਲੀ ਯਾਤਰਾ ਸਦਾ ਕਾਇਮ ਨਹੀਂ ਰਹਿੰਦੀ।

(ਜਿਵੇਂ) ਨਦੀ (ਪਾਰ ਕਰਨ ਲਈ) ਬੇੜੀ ਵਿਚ ਬੈਠੇ ਲੋਕਾਂ ਦਾ ਸੰਜੋਗੀ ਮੇਲਾ ਫਿਰ ਨਹੀਂ ਹੁੰਦਾ ਅਤੇ ਕਲਪਿਤ ਗੰਧਰਬ ਨਗਰੀ ਤੇ ਮ੍ਰਿਗ-ਤ੍ਰਿਸ਼ਨਾ ਦਾ ਜਲ ਨਾਸਮਾਨ ਅਥਵਾ ਧੋਖਾ ਹੈ।

(ਤਿਵੇਂ) ਗੁਰਮੁਖ ਜਨ ਮਾਇਆ-ਮੋਹ ਅਤੇ ਪਰਵਾਰ ਤੇ ਸਰੀਰ ਦੇ ਪਿਆਰ ਨੂੰ ਛਲ ਰੂਪ ਸਮਝ ਕੇ, ਆਪਣੀ ਸੁਰਤਿ ਗੁਰ-ਸ਼ਬਦ ਵਿਚ ਲਾਈ ਰਖਦਾ ਹੈ।੧੧੭।



www.AKJ.Org

ਜਾਨਣ ਲਈ ਚੌਥੇ ਪਦ ਵਿਚ ਜਾਣਾ ਪੈਂਦਾ ਹੈ। ਗੁਰੂ ਨਾਨਕ ਪਾਤਿਸ਼ਾਹ ਜੀ ਦਾ ਕਥਨ ਹੈ—

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀ ਅਵਸਥਾ ਸਤਿਗੁਰ ਤੇ ਹਰਿ ਜਾਨੁ ॥੧॥੧੨॥
(ਗਉੜੀ ਮਹਲਾ ੧—੧੫੪)

ਅਕਾਲ ਪੁਰਖ ਨੂੰ ਫ਼ਲਸਫ਼ੇ ਦੀ ਮੰਤਕ ਜਾਂ ਗਣਿਤ-ਵਿਦਿਆ ਦੀਆਂ ਦਲੀਲਾਂ ਨਾਲ ਨਹੀਂ ਸਮਝਿਆ ਜਾ ਸਕਦਾ। ਸੇਂਟ ਪਾਲ ਨੇ ਵੀ ਕਿਹਾ ਹੈ, "ਸੰਸਾਰਕ-ਬੁੱਧੀ ਦੁਆਰਾ ਰੱਬ ਨੂੰ ਨਹੀਂ ਜਾਣਿਆ ਜਾ ਸਕਦਾ।"

ਕਿਸੇ ਵਸਤੂ ਬਾਰੇ ਜਾਨਣ ਲਈ ਮਨੋ-ਕਲਪਨਾ ਦੁਆਰਾ ਉਸ ਦੀ ਮਿਲਦੀ-ਜੁਲਦੀ ਚੀਜ਼ ਨਾਲ ਤੁਲਨਾ ਕਰ ਕੇ, ਪ੍ਰਮਾਣ ਦਿੱਤਾ ਜਾਂਦਾ ਹੈ ਜਾਂ ਕਿਸੇ ਦੂਸਰੀ ਵਸਤੂ ਨਾਲ ਟਾਕਰਾ ਕੀਤਾ ਜਾਂਦਾ ਹੈ। ਪਰ ਇਹ ਫ਼ਾਰਮੂਲਾ ਅਕਾਲ ਪੁਰਖ ਨੂੰ ਜਾਣਨ ਲਈ ਮੇਚ ਨਹੀਂ ਬਹਿੰਦਾ, ਕਿਉਂਕਿ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ। ਉਸ ਦੀ ਤੁਲਨਾ ਕਿਸ ਨਾਲ ਕੀਤੀ ਜਾਵੇ ? ਉਸ ਬਾਰੇ ਪ੍ਰਮਾਣ ਕੀ ਦਿੱਤਾ ਜਾਵੇ ? ਸੋ ਉਹ "ਅਲਖ ਨਿਰੰਜਨ" ਹੀ ਰਹਿੰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਨਿਰੰਕਾਰ ਦਾ ਅਨੁਭਵ ਕਰਨਾ ਅਕਲ ਦੇ ਵੱਸ ਦਾ ਰੋਗ ਨਹੀਂ। ਇਹ ਈਸ਼ਵਰੀ-ਗਿਆਨ ਅਕਲ ਦੀ ਪੱਧਰ ਤੋਂ ਬਹੁਤ ਉਚਾ ਹੈ, ਭਾਵੇਂ ਕਿ ਅਕਲ ਦੇ ਵਿਰੁੱਧ ਨਹੀਂ। ਇਸ ਅੱਗੇ ਬੁੱਧੀ ਦੁਰਬਲ ਹੋ ਜਾਂਦੀ ਹੈ। ਭਾਵੇਂ ਅਕਲ ਹੀ ਨਿਰੰਕਾਰੀ-ਮਾਰਗ ਦੱਸਣ ਵਿਚ ਸਹਾਈ ਹੁੰਦੀ ਹੈ, ਪਰ ਇਹ ਬਿਨਾਂ ਹੋਰ ਸਹਾਇਤਾ ਦੇ ਮੰਜ਼ਲ ਉਪਰ ਪੁਚਾਉਣ ਦੇ ਅਸਮਰੱਥ ਹੈ। ਸਪੈਨਸਰ ਨੇ ਇਸ ਬਾਰੇ ਕਿਹਾ ਹੈ, "ਮਨੁੱਖ ਇਹ ਤਾਂ ਲੱਖ ਸਕਦਾ ਹੈ ਕਿ ਪਰਮ ਤੱਤ ਲਾਜ਼ਮੀ ਹੈ, ਪਰ ਇਹ ਵੀ ਜਾਣਦਾ ਹੈ ਕਿ ਉਹ ਪਰਮ ਤੱਤ ਅਲੱਖ ਹੈ, ਅਗੰਮ ਹੈ।"

ਪਰ ਆਤਮ-ਵਿਦਿਆ ਦੇ ਵਿਦਵਾਨ ਮਨੁੱਖੀ-ਬੁੱਧੀ ਤੋਂ ਛੁੱਟ ਇਕ ਹੋਰ ਸ਼ਕਤੀ ਨੂੰ ਵੀ ਮੰਨਦੇ ਹਨ, ਜਿਸ ਨੂੰ ਦਿੱਬ-ਦ੍ਰਿਸ਼ਟੀ, ਅੰਤਰ-ਚਾਨਣ, ਈਸ਼ਵਰੀ-ਚੇਤੰਨਤਾ ਜਾਂ ਅੰਤ੍ਰੀਵ-ਅਨੁਭਵ ਕਿਹਾ ਜਾਂਦਾ ਹੈ। ਇਸ ਸ਼ਕਤੀ ਨੂੰ ਸਵੀਕਾਰ ਕਰ ਲੈਣ ਨਾਲ ਇਹ ਵਾਦ-ਵਿਵਾਦ ਸਮਾਪਤ ਹੋ ਜਾਂਦਾ ਹੈ ਕਿ ਮਨੁੱਖੀ ਗਿਆਨ ਸੱਚ-ਮੁਚ ਪਰਮ-ਸੱਚਾ ਗਿਆਨ ਹੋ ਸਕਦਾ ਹੈ ਜਾਂ ਨਹੀਂ।

ਪਹਿਲੋਂ ਸਮਝਿਆ ਜਾਂਦਾ ਸੀ ਕਿ ਮਹਾਤਮਾ ਬੁੱਧ ਜੀ ਨੇ ਪਰਮਾਤਮਾ ਬਾਰੇ ਕੁਝ ਨਾ ਕਹਿ ਕੇ, ਉਸ ਦੀ ਹਸਤੀ ਤੋਂ ਇਨਕਾਰ ਕੀਤਾ ਹੈ, ਪਰ ਹੁਣ ਕਈ ਬੋਧੀ-ਵਿਦਵਾਨ ਕਹਿਣ ਲੱਗ ਪਏ ਹਨ ਕਿ ਮਹਾਤਮਾ ਬੁੱਧ ਦਾ ਰੱਬ ਬਾਰੇ ਕੁਝ ਨਾ ਕਹਿਣਾ ਕੇਵਲ ਨਿਮਰਤਾ ਦਾ ਸੂਚਕ ਸੀ, ਰੱਬ ਬਾਰੇ ਸ਼ੰਕਾਵਾਦੀ ਹੋਣਾ ਨਹੀਂ ਸੀ। ਸ੍ਰੀ ਸ਼ਹਾਬੁਦੀਨ ਸੁਹਰਾਵਰਦੀ ਦਾ ਕਹਿਣਾ ਹੈ, "ਖ਼ੁਦਾ ਦੇ ਗੁਣਾਂ ਦਾ ਨਿਸਚੇ ਕਰਨਾ ਤੇ ਕਹਿਣਾ ਕਿ ਅਮਕੇ ਗੁਣ ਅਵੱਸ਼ ਹੀ ਰੱਬ ਦੇ ਹਨ, ਅਸੰਭਵ ਹੈ ਤੇ ਸੰਸਾਰ ਵਿਚ ਰੱਬ ਦੇ ਵਰਤਾਰੇ ਬਾਰੇ ਦਸਣਾ ਵੀ ਅਸੰਭਵ ਹੈ। "ਸਿੱਖ ਆਸ਼ੇ ਅਨੁਸਾਰ" ਮਨੁੱਖ ਵਿਚ ਪਰਮ-ਚੇਤੰਨਤਾ ਮੌਜੂਦ ਹੈ, ਜਿਸ ਨਾਲ ਅਕਾਲ ਪੁਰਖ ਸਾਖਿਆਤ ਹੋ ਸਕਦਾ ਹੈ।

ਆਤਮ-ਵਿਦਿਆ ਦੇ ਵਿਦਿਆਰਥੀਆਂ ਵਿਚ ਇਹ ਵਾਦ-ਵਿਵਾਦ ਚਲਦਾ ਰਿਹਾ ਹੈ ਕਿ ਰੱਬ ਤੇ ਸੰਸਾਰ ਦੋ ਅੱਡ ਅੱਡ ਵਸਤੂਆਂ ਹਨ ਕਿ ਇਕੋ-ਕੁਝ ਹੈ ? ਕੀ ਰੱਬ ਦੇ ਹੱਥ, ਪੈਰ, ਨੱਕ, ਕੰਨ, ਅੱਖਾਂ ਹਨ ਕਿ ਨਹੀਂ ? ਕੀ ਰੱਬ ਦੇ ਮਿੱਤਰ ਤੇ ਸ਼ਤਰੂ ਹਨ ? ਕੀ ਰੱਬ ਇਕੋ ਇਕ ਹੈ ? ਗੁਰੂ ਸਾਹਿਬਾਨ ਨੇ ਇਸ ਬਿਰਤੀ ਦੀ ਨਿਖੇਧੀ ਕੀਤੀ ਹੈ। ਉਹਨਾਂ ਦਾ ਆਸ਼ਾ ਹੈ—

"ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ (ਪੰਨਾ ੮੩੦)

ਭਾਵ, "ਗਿਆਨ ਗਿਆਨ" ਕਹਿਣ ਵਾਲੇ, ਬਹਿਸਾਂ ਕਰਦੇ ਤੇ ਦੁੱਖ ਪਾਂਦੇ ਹਨ। ਇਸ ਵਾਦ-ਵਿਵਾਦ ਵਿਚ ਪੈਣ ਦੀ ਥਾਂ ਸਤਿਗੁਰੂ ਦੇ ਦ੍ਰਿੜ੍ਹਾਏ ਗਿਆਨ ਦੁਆਰਾ ਅਕਾਲ ਪੁਰਖ ਵਿਚ ਲਿਵਲੀਨ ਹੋਇਆਂ ਹੀ ਦੁੱਖ ਤੋਂ ਮੁਕਤੀ ਮਿਲ ਸਕਦੀ ਹੈ।



www.AKJ.Org

# 'ਗੁਰ ਬਿਨੁ ਘੋਰ ਅੰਧਾਰ'

[ਸੂਬੇਦਾਰ ਧਰਮ ਸਿੰਘ ਜੀ ਸੁੱਜੋਂ, ਲਸਿਸਟਰ ਯੂ. ਕੇ.]

ਗੁਰਬਾਣੀ ਅਤੇ ਗੁਰ-ਇਤਿਹਾਸ ਵਿਚ ਕੁਝ ਅਜਿਹੀਆਂ 'ਹਕੀਕਤਾਂ' ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨੂੰ ਆਮ ਜਨਤਾ ਨੇ ਤਾਂ ਕਿਆ ਸਮਝਣਾ ਸੀ, ਸਾਇੰਸਦਾਨ ਭੀ ਹਾਲੇ ਤਕ ਇਨ੍ਹਾਂ ਹਕੀਕਤਾਂ ਨੂੰ ਸਮਝਣ ਲਈ ਅਸਮਰੱਥ ਹਨ, ਜਿਵੇਂ ਕਿ ਸ੍ਰੀ ਕਲਗੀਧਰ ਜੀ ਨੇ ਬੁਨਿਆਦੀ ਹਸਤੀ ਨੂੰ 'ਅਚਲ ਮੂਰਤਿ, ਅਨਭਉ ਪ੍ਰਕਾਸ, ਅਮਿਤੋਜ ਕਹਿਜੈ''*, ਭਾਵ, ਅਚੱਲ ਜੀਊਂਦੀ ਜਾਗਦੀ, ਬੇਅੰਤ ਸ਼ਕਤੀ ਆਖਿਆ ਹੈ। ਸਾਇੰਸਦਾਨ ਇਹ ਤਾਂ ਮੰਨਦੇ ਹਨ ਕਿ 'ਆਦਿ' ਵਿਚ ਸਿਰਫ਼ ਇਕ 'ਬੇਅੰਤ ਸ਼ਕਤੀ' ਦਾ ਹੀ ਵਜੂਦ ਸੀ, ਪਰ ਉਹ ਹਾਲੇ ਇਹ ਸਾਬਤ ਨਹੀਂ ਕਰ ਸਕੇ ਕਿ ਇਹ 'ਬੇਅੰਤ ਸ਼ਕਤੀ' ਇਕ ਜੀਊਂਦੀ ਜਾਗਦੀ ਹਸਤੀ ਭੀ ਹੈ। ਬਗਦਾਦ ਦੇ ਪੀਰ ਗੁਲਾਮ ਦਸਤਗੀਰ ਦੇ ਪੁੱਤਰ ਨੂੰ ਨਾਲ ਲੈ, ਗੁਰੂ ਨਾਨਕ ਦੇਵ ਜੀ ਦਾ ਲੱਖਾਂ ਪਾਤਾਲਾਂ ਤੇ ਆਕਾਸਾਂ ਦੀ ਸੈਰ ਕਰਾਉਣਾ, ਵਾਪਸੀ ਤੇ ਕਿਸੀ ਐਸੀ ਧਰਤੀ ਤੇ ਜਾਣਾ, ਜਿਥੇ ਦੀਵਾਨ ਦੀ ਸਮਾਪਤੀ ਉਪਰੰਤ ਪ੍ਰਸ਼ਾਦ ਵਰਤ ਰਿਹਾ ਸੀ, ਉਥੋਂ ਇਕ ਕੌਲ ਕੜਾਹ-ਪ੍ਰਸ਼ਾਦ ਦਾ ਭਰ, ਨਿਸ਼ਾਨੀ ਦੇ ਤੌਰ ਤੇ ਨਾਲ ਲੈ ਆਉਣਾ, ਇਸ ਗੱਲ ਦਾ ਸਬੂਤ ਹੈ ਕਿ ਸਾਡੀ ਧਰਤੀ ਤੋਂ ਇਲਾਵਾ ਹੋਰ ਭੀ ਧਰਤੀਆਂ ਐਸੀਆਂ ਹਨ, ਜਿਥੇ ਸਾਡੀ ਧਰਤੀ ਵਾਂਗੂ ਆਬਾਦੀ ਹੈ। ਸਾਡੇ ਸਾਇੰਸਦਾਨ ਹਾਲੇ ਚੰਦ ਤਕ ਹੀ ਪਹੁੰਚ ਸਕੇ ਹਨ, ਜਿਥੇ ਕੋਈ ਆਬਾਦੀ ਨਹੀਂ। ਹਾਲੇ ਕੋਈ ਐਸਾ ਪੁਲਾੜੀ ਜਹਾਜ਼ ਭੀ ਨਹੀਂ ਬਣਾ ਸਕੇ ਜੋ ਅੰਤ੍ਰ-ਗ੍ਰਹਿ (*Inter Stellar*) ਸਫ਼ਰ ਕਰ ਸਕੇ, ਜਦੋਂ ਕਿ ਗੁਰੂ ਨਾਨਕ ਦੇਵ ਜੀ ਪੀਰ ਦਸਤਗੀਰ ਦੇ ਲੜਕੇ ਨੂੰ ਨਾਲ ਲੈ ਐਸਾ ਅੰਤ੍ਰ-ਗ੍ਰਹੀ ਸਫ਼ਰ ਅਜ ਤੋਂ ਕੋਈ ਚਾਰ ਪੰਜ ਸੌ ਸਾਲ ਪਹਿਲਾਂ ਕਰਾ ਚੁਕੇ ਹਨ।

ਗੁਰਬਾਣੀ ਵਿਚ ਦਰਜ ਕੁਝ ਐਸੀਆਂ 'ਸਚਾਈਆਂ' ਭੀ ਮਿਲਦੀਆਂ ਹਨ ਜਿਨ੍ਹਾਂ ਨੂੰ ਉਸ ਵੇਲੇ ਤਾਂ ਸ਼ਾਇਦ ਕੋਈ ਸਮਝਿਆ ਹੋਵੇ ਯਾ ਨਾ, ਪਰ ਅਜ ਦੀ ਸਾਇੰਸ ਨੇ ਉਨ੍ਹਾਂ 'ਸਚਾਈਆਂ' ਦੀ ਪੁਸ਼ਟੀ ਜ਼ਰੂਰ ਕਰ ਦਿਤੀ ਹੈ, ਜਿਵੇਂ ਕਿ—''ਪਸਰਿਓ ਆਪਿ ਹੋਇ ਅਨਤ ਤਰੰਗ''† 'ਆਦਿ ਬੇਅੰਤ ਸ਼ਕਤੀ' ਦੇ ਅਚਲ ਤੋਂ ਚਲਾਇਮਾਨ ਹੋਣ ਤੇ ਬਿਜਲਈ-ਚੁੰਬਕੀ-ਲਹਿਰਾਂ (*electro-megnatic-spectram*) ਦੀ ਸ਼ਕਲ ਵਿਚ ਸੰਸਾਰ ਵਿਚ ਚਾਰ ਚੌਫੇਰੇ ਫੈਲਦੀ ਹੈ, ''ਅਵਲਿ ਅਲਹ ਨੂਰੁ ਉਪਾਇਆ'' (੧੩੪੯)। ਇਨ੍ਹਾਂ ਲਹਿਰਾਂ ਦੀ ਇਕ ਖ਼ਾਸ ਵੇਵ ਲੈਂਗਥ ਅਤੇ ਇਕ ਖਾਸ ਫ਼ਰੀਕੁਐਂਸੀ ਤੇ ਰੌਸ਼ਨੀ ਜਾਂ ਨੂਰ (*Visible light*) ਉਤਪੰਨ ਹੁੰਦੀ ਹੈ—''ਏਕ ਨੂਰ ਤੇ ਸਭੁ ਜਗੁ ਉਪਜਿਆ'' (੧੩੪੯) ਅਗੋਂ ਇਸੀ ਰੌਸ਼ਨੀ ਵਿਚੋਂ, ਇਲੈਕਟਰੋਨ, ਪਰੋਟੋਨ, ਅਤੇ ਨੀਊਟਰੋਨ ਉਪਜ, ਪਰਮਾਣੂ (*Atom*) ਹੋਂਦ ਵਿਚ ਆ, ਸੰਸਾਰ ਦੀ ਰਚਨਾ ਹੁੰਦੀ ਹੈ।

ਅਜ ਤੋਂ ਕੋਈ ਦੋ ਕੁ ਸੌ ਸਾਲ ਪਹਿਲਾਂ ਤਕ ਦੁਨੀਆਂ ਦਾ ਇਹ ਵਿਚਾਰ ਸ੍ਰੀ ਕਿ 'ਚੰਦ' ਧਰਤੀ ਦੇ, ਤੇ 'ਧਰਤੀ' ਸੂਰਜ ਦੇ ਗਿਰਦ ਚੱਕਰ ਕਟਦੀ ਹੈ, ਪਰ ਸੂਰਜ ਸਿਰਫ਼ ਇਕ ਥਾਂ ਤੇ ਖਲੋਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ, ਅਜ ਤੋਂ ਕੋਈ ਪੰਜ ਕੁ ਸੌ ਸਾਲ ਪਹਿਲਾਂ ਆਖਿਆ ਸੀ ਕਿ—

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥੧॥੪॥ (ਪੰਨਾ ੪੬੪)

ਹੁਣ ਆ ਕੇ ਸਾਇੰਸ ਨੇ ਸਾਬਤ ਕੀਤਾ ਹੈ ਕਿ ਸੂਰਜ, **Milky Way** ਨਾਮੇ ਆਕਾਸ਼-ਗੰਗਾ (*Galaxy*) ਦੇ ਅੰਦਰ, ਇਕ ਖਰਬ ਹੋਰ ਸੂਰਜਾਂ ਸਮੇਤ, ਪੰਜ ਲਖ ਮੀਲ ਫ਼ੀ ਘੰਟਾ ਦੀ ਰਫ਼ਤਾਰ ਨਾਲ ਉਡਿਆ ਜਾ ਰਿਹਾ ਹੈ। ਆਕਾਸ਼-ਗੰਗਾ ਦੇ ਧੁਰੇ ਦਾ ਇਕ ਚੱਕਰ ੩੦ ਕਰੋੜ ਸਾਲ ਵਿਚ ਪੂਰਾ ਕਰਦਾ ਹੈ। ਇਸ ਤਰ੍ਹਾਂ ਸੂਰਜ ਇਕ ਚੱਕਰ ਕਟਣ ਵਿਚ ਕੋਈ ੧੩੨ ਦੇ ਅੱਗੇ ੧੬ ਸਿਫ਼ਰੇ ਮੀਲ ਸਫ਼ਰ ਤੈਅ ਕਰਦਾ ਹੈ।

ਇਸੀ ਤਰ੍ਹਾਂ ਹੀ ਆਸਾ ਦੀ ਵਾਰ ਵਿਚ ਇਕ ਦੋ-ਤੁਕੀ ਦਾ ਫ਼ੁਰਮਾਨ ਹੈ ਕਿ—

---

*ਜਾਪੁ ਸਾਹਿਬ, ਛਪੈ ਛੰਦ, ਨੰਬਰ ੧ †ਸੁਖਮਨੀ ਸਾਹਿਬ, ਅੰਕ ॥੮॥੯॥ ਪੰਨਾ ੨੭੫


www.AKJ.Org

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥੨॥੧॥ (੪੬੩)

**ਇਸ ਗੁਰ-ਫੁਰਮਾਨ** ਵਿਚ ਬਿਆਨ ਕੀਤੀ ਹਕੀਕਤ ਨੂੰ ਸਮਝਣ ਵਿਚ ਜਦੋਂ ਅਸੀਂ ਆਪਣੇ ਆਪ ਨੂੰ ਅਸਮਰਥ **ਮਹਿਸੂਸ** ਕਰਦੇ ਹਾਂ ਤਾਂ ਮਨ-ਉਕਤ ਅਰਥ ਕਰ ਕੇ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਾਂ ਕਿ ਅਸੀਂ ਇਸ ਫੁਰਮਾਨ ਅੰਦਰ ਬਿਆਨ ਕੀਤੀ ਹਕੀਕਤ ਨੂੰ ਸਮਝ ਲਿਆ ਹੈ।

ਜਦੋਂ ਅਸੀਂ ਅੰਮ੍ਰਿਤ ਪਾਨ ਕਰਿ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕਰਦੇ ਹਾਂ ਤਾਂ ਅੰਮ੍ਰਿਤ ਪਾਨ ਦੀ ਰਸਮ ਵਿਚ ਕਿਸੀ ਵੇਲੇ ਭੀ ਵੇਦਾਂਤੀਆਂ ਵਾਂਗੂ ਕੋਈ ਗਿਆਨ-ਗੋਸ਼ਟੀ ਨਹੀਂ ਕੀਤੀ ਜਾਂਦੀ, ਸਿਰਫ਼ ਕੁਝ ਹੁਕਮ ਦ੍ਰਿੜ੍ਹਾਏ ਜਾਂਦੇ ਹਨ, ਜਿਨ੍ਹਾਂ ਤੇ ਅਸੀਂ ਉਮਰ ਭਰ ਅਮਲ ਕਰਨਾ ਹੁੰਦਾ ਹੈ। ਅੰਮ੍ਰਿਤ ਪਾਨ ਉਪਰੰਤ ਭੀ ਫੇਰ ਸਾਡਾ ਤੇ ਗੁਰੂ ਦਾ ਕੋਈ ਮਿਲਾਪ ਹੋ, ਕੋਈ ਗਿਆਨ-ਚਰਚਾ ਹੁੰਦੀ ਹੋਵੇ, ਐਸਾ ਭੀ ਨਹੀਂ ਹੁੰਦਾ।

ਉਪਰ ਲਿਖੀ ਦੋ-ਤੁਕੀ ਦਾ ਲਫ਼ਜ਼ੀ ਅਰਥ ਤਾਂ ਸਿਰਫ ਇਤਨਾ ਕੁ ਹੀ ਹੈ ਕਿ ਜੇ ਸੌ ਚੰਦ ਤੇ ਹਜ਼ਾਰ ਸੂਰਜ ਇਕੋ ਸਮੇਂ ਹੀ, ਪ੍ਰਕਾਸ਼ਮਾਨ ਹੋ ਉਠਣ ਤਾਂ ਭੀ ਗੁਰੂ ਤੋਂ ਬਗੈਰ ਹਨੇਰਾ ਘੁੱਪ ਹੀ ਰਹਿੰਦਾ ਹੈ। ਸੋਚ ਅਧੀਨ ਨੁਕਤਾ ਇਹ ਹੈ ਕਿ ਗੁਰੂ ਦੇ ਮਿਲਾਪ ਉਪਰੰਤ ਕੋਈ ਕਿਤਨਾ ਕੁ ਬੜਾ ਪ੍ਰਕਾਸ਼ ਹੋ ਜਾਂਦਾ ਹੈ ਜਿਸ ਦੇ ਸਾਹਮਣੇ, ਸੌ ਚੰਦ ਤੇ ਹਜ਼ਾਰ ਸੂਰਜਾਂ ਦੀ ਰੌਸ਼ਨੀ ਭੀ ਹਨੇਰੇ ਸਮਾਨ ਹੀ ਹੈ, ਭਾਵ ਹੇਚ ਹੈ।

ਆਮ ਤੌਰ ਤੇ ਅਸੀਂ ਜ਼ਿੰਦਗੀ ਭਰ ਵਿਚ ਸ਼ੁਰੂ ਤੋਂ ਵੱਡਾ ਪ੍ਰਕਾਸ਼, ਇਕ ਸੂਰਜ ਦਾ ਹੀ ਦੇਖਦੇ ਆ ਰਹੇ ਹਾਂ। ਇਸ ਤੋਂ ਵਧ ਪ੍ਰਕਾਸ਼ ਦਾ ਕੋਈ ਜ਼ਿਕਰ ਕਰੇ ਭੀ, ਤਾਂ ਸਾਡਾ ਮਨ ਪਹਿਲਾਂ ਤਾਂ ਉਸ ਨੂੰ ਮੰਨਣ ਲਈ ਹੀ ਤਿਆਰ ਨਹੀਂ ਹੁੰਦਾ, ਜੇ ਮਨ ਵਧ ਪ੍ਰਕਾਸ਼ ਦੀ ਹੋਂਦ ਨੂੰ ਮੰਨ ਭੀ ਲਵੇ ਤਾਂ ਹਜ਼ਾਰ ਸੂਰਜਾਂ ਦੀ ਰੌਸ਼ਨੀ ਦੇ ਮੁਕਾਬਲੇ ਹੋਰ ਕਿਸੀ ਪ੍ਰਕਾਸ਼ ਦੀ ਹੋਂਦ ਨੂੰ ਤਾਂ ਮੰਨ ਹੀ ਨਹੀਂ ਸਕਦਾ।

ਆਓ ਇਸ ਅਤਿਅੰਤ ਵੱਡੇ ਪ੍ਰਕਾਸ਼ ਦੀ ਅੜਾਉਣੀ ਨੂੰ ਸਮਝਣ ਲਈ ਕੁਦਰਤ ਦੇ ਪਸਾਰੇ ਤੇ ਥੋੜੀ ਜਿਹੀ ਝਾਤ ਮਾਰੀਏ। ਕੁਦਰਤ ਦਾ ਪਸਾਰਾ ਇਤਨਾ ਬੇਅੰਤ ਹੈ ਕਿ ਇਸ ਦੀਆਂ ਦੂਰੀਆਂ (ਫ਼ਾਸਲੇ) ਨਾਪਣ ਲਈ ਮੀਲਾਂ ਦੀ ਥਾਂ 'ਪ੍ਰਕਾਸ਼-ਵਰ੍ਹੇ' ਦੀ ਇਕਾਈ ਨਾਲ ਨਾਪਦੇ ਹਾਂ। ਰੌਸ਼ਨੀ ਇਕ ਸੈਕੰਡ ਵਿਚ ਇਕ ਲੱਖ ਛਿਆਸੀ ਹਜ਼ਾਰ ਮੀਲ ਦੌੜਦੀ ਹੈ। ਇਸ ਹਿਸਾਬ ਨਾਲ ਇਹ ਇਕ ਸਾਲ ਵਿਚ ਅਠਵਜਾ ਖ਼ਰਬ ਅੱਸੀ ਅਰਬ ਮੀਲ ਚਲਦੀ ਹੈ। ਇਤਨੀ ਲੰਬਾਈ ਨੂੰ ਇਕ 'ਪ੍ਰਕਾਸ਼ ਵਰ੍ਹਾ' ਆਖਦੇ ਹਾਂ। ਅਗੇ ਚਲ ਕੇ ਪੁਲਾੜ ਦੀਆਂ ਦੂਰੀਆਂ ਦਾ ਜ਼ਿਕਰ ਇਨ੍ਹਾਂ ਹੀ ਪ੍ਰਕਾਸ਼-ਵਰ੍ਹਿਆਂ ਵਿਚ ਹੋਵੇਗਾ, ਜਿਸ ਨੂੰ ਮੋਟੇ ਤੌਰ ਤੇ ਸਮਝਣ ਲਈ ਇਕ ਪ੍ਰਕਾਸ਼-ਵਰ੍ਹਾ ਸੱਠ ਖ਼ਰਬ ਮੀਲ ਦਾ ਆਖ ਸਕਦੇ ਹਾਂ।

ਰਾਤ ਸਮੇਂ ਆਕਾਸ਼ ਵਿਚ ਬੇਅੰਤ ਤਾਰੇ ਟਿਮਟਮਾਉਂਦੇ ਹੋਏ ਨਜ਼ਰ ਆਉਂਦੇ ਹਨ। ਇਹ ਸਾਰੇ ਤਾਰੇ ਸਾਡੀ ਆਕਾਸ਼-ਗੰਗਾ ਨਾਲ ਸੰਬੰਧ ਰਖਦੇ ਹਨ। ਇਹ ਤਾਰੇ ਆਕਾਰ ਅਤੇ ਚਮਕ ਵਿਚ ਜਾਂ ਤਾਂ ਸਾਡੇ ਸੂਰਜ ਸਮਾਨ ਹਨ ਜਾਂ ਇਸ ਤੋਂ ਭੀ ਕਈ ਗੁਣਾ ਵਡੇ ਹਨ। ਮਿਸਾਲ ਦੇ ਤੌਰ ਤੇ ਸਾਡੀ ਆਕਾਸ਼-ਗੰਗਾ (ਮਿਲਕੀ-ਵੇ) ਵਿਚ, ਜਿਸ ਦੀ ਚੌੜਾਈ ਇਕ ਲੱਖ ਪ੍ਰਕਾਸ਼-ਵਰ੍ਹੇ ਹੈ, ਇਸ ਦੇ ਵਿਚਕਾਰ ਸਾਥੋਂ ਛੇ ਹਜ਼ਾਰ ਪ੍ਰਕਾਸ਼-ਵਰ੍ਹੇ ਦੇ ਫ਼ਾਸਲੇ ਤੇ ਇਕ ਤਾਰਾ ਸੂਰਜ ਤੋਂ ਪੰਜਾਹ ਲਖ ਗੁਣਾ ਵੱਡਾ ਹੈ। ਏਥੇ ਹੀ ਬਸ ਨਹੀਂ, ਐਮ-੮੭ ਨਾਮੇ ਆਕਾਸ਼-ਗੰਗਾ ਵਿਚ ਇਕ ਐਸਾ ਤਾਰਾ ਹੈ ਜੋ ਇਸ ਉਪਰ ਬਿਆਨ ਹੋਏ ਵੱਡੇ ਤਾਰੇ ਤੋਂ ਭੀ ਇਕ ਹਜ਼ਾਰ ਗੁਣਾ ਵੱਡਾ ਹੈ। ਮਿਲਕੀ ਵੇ ਨਾਮੇ ਆਕਾਸ-ਗੰਗਾ ਦੇ ਤਾਰਿਆਂ ਦੀ ਗਿਣਤੀ, ਜੋ ਸੂਰਜ ਸਮਾਨ ਜਾਂ ਇਸ ਤੋਂ ਭੀ ਵਡੇ ਹਨ, ਇਕ ਖ਼ਰਬ ਦੱਸੀ ਗਈ ਹੈ ਐਸੀਆਂ ਹੋਰ ਆਕਾਸ਼-ਗੰਗਾਵਾਂ ਦੀ ਗਿਣਤੀ ਇਕ ਅਰਬ ਤਕ ਦਰਿਆਫ਼ਤ ਹੋ ਚੁਕੀ ਹੈ। ਇੰਗਲੈਂਡ ਦਾ ਮਸ਼ਹੂਰ ਸਾਇੰਸਦਾਨ ਪੈਟਰਿਕ ਮੂਰ ਆਪਣੀ ਪੁਸਤਕ ***Count Down*** ਵਿਚ ਲਿਖਦਾ ਹੈ ਕਿ ਅਜ ਦੇ ਟੈਲੀਸਕੋਪ ਇਕ ਅਰਬ ਆਕਾਸ਼-ਗੰਗਾਵਾਂ ਦੇ ਫ਼ੋਟੋ ਹਾਸਲ ਕਰ ਚੁਕੇ ਹਨ।

੧੯੬੩ ਵਿਚ ਪੁਲਾੜ ਅੰਦਰ ਐਸੇ ਤਾਰੇ ਭੀ ਦੇਖੇ ਗਏ ਹਨ ਜਿਨ੍ਹਾਂ ਦਾ ਪ੍ਰਕਾਸ਼ ਇਕ ਇਕ ਦਾ ਇਕ

ਇਕ ਖ਼ਰਬ ਸੂਰਜਾਂ ਦੇ ਸਮਾਨ ਹੈ। ਇਨ੍ਹਾਂ ਤਾਰਿਆਂ ਨੂੰ ਕੁਐਸ਼ਰ (*Quassers*) ਆਖਦੇ ਹਨ। '*The Unexplaind*' ਨਾਮੇ ਪੁਸਤਕ ਵਿਚ ਇਕ ਫ਼ੋਟੋ ਅੰਦਰ ਹੋਰ ਤਾਰਿਆਂ ਤੋਂ ਇਲਾਵਾ ਇਕ ਕੁਐਸ਼ਰ ਭੀ ਨਜ਼ਰ ਆ ਰਿਹਾ ਹੈ, ਜਿਸ ਦਾ ਨਾਮ ੨-ਸੀ-੨੭੮ ਹੈ। ਇਸ ਦਾ ਪ੍ਰਕਾਸ਼ ਇਕ ਖ਼ਰਬ ਸੂਰਜਾਂ ਸਮਾਨ ਹੈ। ਐਸੇ ੧੩੦੦ ਹੋਰ ਕੁਐਸ਼ਰ ਪੁਲਾੜ ਵਿਚ ਹਨ, ਜੋ ਅੱਜ ਤਕ ਦਰਿਆਫ਼ਤ ਹੋ ਚੁਕੇ ਹਨ।

ਇਤਨੇ ਵੱਡੇ ਵਿਸਥਾਰ ਦਾ ਜ਼ਿਕਰ ਕਰ ਕੇ ਪਾਠਕਾਂ ਨੂੰ ਹੈਰਾਨਗੀ ਵਿਚ ਪਾਉਣਾ, ਦਾਸ ਦਾ ਮਨਸ਼ਾ ਨਹੀਂ ਹੈ। ਚੂੰਕਿ ਜ਼ਿਕਰ ਪ੍ਰਕਾਸ਼ ਦਾ ਚਲ ਰਿਹਾ ਹੈ, ਇਸ ਲਈ ਪਾਠਕਾਂ ਨੂੰ, ਸੰਸਾਰ ਵਿਚ ਅਜ ਤਕ ਖੋਜੇ ਜਾ ਚੁਕੇ ਸੂਰਜਾਂ ਅਤੇ ਕੁਐਸ਼ਰਾਂ ਤੋਂ ਪੈਦਾ ਹੋਣ ਵਾਲੇ ਪ੍ਰਕਾਸ਼ ਦੀ ਸਿਰਫ਼ ਹਾਲੇ ਵੰਨਗੀ ਹੀ ਦਿਖਾਈ ਹੈ।

ਆਓ ਹੁਣ ਇਸ ਹੈਰਾਨਗੀ ਦੇ ਸਮੁੰਦਰ ਵਿਚੋਂ ਬਾਹਰ ਆਈਏ ਤੇ ਜ਼ਰਾ ਠੰਡੇ ਦਿਲ ਨਾਲ ਸੋਚੀਏ ਕਿ ਇਤਨਾ ਵੱਡਾ ਬੇਅੰਤ ਪ੍ਰਕਾਸ਼, ਆ ਕਿੱਥੋਂ ਰਿਹਾ ਹੈ ? ਇਸ ਦਾ ਸੋਮਾ ਕਿੱਥੇ ਹੈ ?

"ਅਵਲਿ ਅਲਹ ਨੂਰੁ ਉਪਾਇਆ" ਅਤੇ "ਏਕ ਨੂਰ ਤੇ ਸਭੁ ਜਗੁ ਉਪਜਿਆ (ਪੰ: ੧੩੪੯) ਅਨੁਸਾਰ ਅਲਾਹ ਨੇ ਪਹਿਲਾਂ ਨੂਰ, ਜੋਤਿ ਜਾਂ ਪ੍ਰਕਾਸ਼ ਉਪਾਇਆ। ਅਗੋਂ ਇਸ ਨੂਰ ਜਾਂ ਪ੍ਰਕਾਸ਼ ਤੋਂ ਸਭ ਜੱਗ ਉਪਜ ਖਲੋਤਾ। ਪ੍ਰਕਾਸ਼ ਦਾ ਉਪਜ-ਸਰੋਤ, ਅਲਾਹ ਜਾਂ ਅਕਾਲ-ਪੁਰਖ ਹੈ—

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥੩॥੧੫॥ (ਪੰਨਾ ੧੯)

ਨੋਟ : 'ਸਾਚੇ' ਤੋਂ ਭਾਵ ਅਕਾਲ-ਪੁਰਖ ਹੈ।

ਆਓ ਇਸ ਸਿਧਾਂਤ ਨੂੰ ਸਾਇੰਸ ਦੀ ਰੌਸ਼ਨੀ ਵਿਚ ਭੀ ਪਰਖੀਏ। ਕੁਦਰਤ ਦਾ ਹਰ ਕੰਮ ਉਸ ਦੇ ਨਿਯਤ ਕੀਤੇ ਹੋਏ ਨਿਯਮਾਂ ਅਨੁਸਾਰ ਹੀ ਚਲਦਾ ਹੈ। ਸਾਇੰਸ ਅਨੁਸਾਰ 'ਬੇਅੰਤ ਜਾਂ ਪੂਰਨ ਸ਼ਕਤੀ' ਵਿਚ ਹਰਕਤ ਜਾਂ ਲਰਜ਼ਿਸ਼ (*Vibration*) ਦੇ ਕਾਰਨ, ਸ਼ਕਤੀ, ਰੌਸ਼ਨੀ ਦੇ ਬਹੁਤ ਛੋਟੇ ਛੋਟੇ ਕਣਾਂ ਵਿਚ ਬਦਲੀ ਹੋ ਜਾਂਦੀ ਹੈ, ਜਿਸ ਨੂੰ ਫ਼ੋਟੋਨ (*Photon*) ਾਖਦੇ ਹਨ। ਫ਼ੋਟੋਨਜ਼ ਅਗੋਂ ਇਲੈਕਟਰੋਨ ਪਰੋਟੋਨ ਤੇ ਨੀਊਟਰੋਨ ਵਿਚ ਬਦਲੀ ਹੋ, ਪਰਮਾਣੂ (*Atom*) ਦੀ ਸ਼ਕਲ ਧਾਰਨ ਕਰਦੇ ਹਨ। ਪਰਮਾਣੂ ਅਗੋਂ ਮੋਲਕਿਊਲ (*Molecule*), ਐਲੀਮੈਂਟ ਤੇ ਕੰਮਪਾਊਂਡ ਵਿਚੋਂ ਲੰਘ, ਸੰਸਾਰ ਦਾ ਰੂਪ ਧਾਰਦਾ ਹੈ—ਇਸ ਤਰ੍ਹਾਂ 'ਸਾਚੇ' ਤੋਂ ਤ੍ਰਿਭਵਣ ਸਾਜਿਆ ਗਿਆ। ਇਸ ਤ੍ਰਿਭਵਣ ਅੰਦਰ 'ਸਾਚੇ' ਤੋਂ ਉਤਪੰਨ ਹੋਏ ਖ਼ਰਬਾX ਅਰਬਾਂ ਸੂਰਜਾਂ ਦਾ ਪ੍ਰਕਾਸ਼ ਹੋਂਦ ਵਿਚ ਆਇਆ। ਦੂਸਰੇ ਲਫ਼ਜ਼ਾਂ ਵਿਚ ਇਹ ਸਾਰਾ ਪ੍ਰਕਾਸ਼ 'ਸਾਚੇ' ਦਾ ਆਪਣਾ ਹੀ ਚਾਨਣਾ ਹੈ। ਗੁਰ ਫ਼ੁਰਮਾਨ ਹੈ— ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਪੰਨਾ ੧੩) ਭਾਵ, ਸੰਸਾਰ ਅੰਦਰ ਜਿਥੇ ਕਿਤੇ ਭੀ ਕੋਈ 'ਚਾਨਣ' ਨਜ਼ਰ ਆਉਂਦਾ ਹੈ ਓਹ 'ਤਿਸੈ ਦਾ' ਹੀ ਚਾਨਣਾ ਹੈ। ਫ਼ੁਰਮਾਨ ਹੈ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥੨੯॥ (ਪੰਨਾ ੬੧੭)

ਜਿਸ ਬੇਅੰਤ ਜਾਂ ਪੂਰਨ ਜੋਤਿ ਦਾ ਉਪਰ ਜ਼ਿਕਰ ਹੋਇਆ ਹੈ, ਕਲਗੀਧਰ ਜੀ ਨੇ ਇਸ 'ਪੂਰਨ ਜੋਤਿ' ਨੂੰ ਜਾਗਤ ਜੋਤਿ ਦਾ ਨਾਮ ਦਿਤਾ ਹੈ। ਇਹ ਨਾਮ ਇਹ ਲਈ ਦਿਤਾ ਹੈ ਕਿ ਇਹ ਜੋਤਿ ਆਪਣੇ ਪ੍ਰਕਾਸ਼ ਨੂੰ ਆਪ ਅਨੁਭਵ ਕਰਨੇ "ਅਨਭਉ ਪ੍ਰਕਾਸ਼" ਵਾਲੀ ਹੈ। ਭਾਵ, ਇਹ ਜੋਤਿ, ਬਾ-ਹੋਸ਼ (*Conscious*) ਜੀਵਤ, ਜਾਗਤ ਜਾਂ ਹੋਸ਼ਮੰਦ ਹੈ, ਜਦੋਂ ਕਿ ਸੰਸਾਰ ਅੰਦਰ ਬਾਕੀ ਸਭ ਜੋਤਾਂ ਬੇ-ਹੋਸ਼ ਜਾਂ (*Uncouscious*) ਹਨ।

ਇਹ ਤਾਂ ਠੀਕ ਹੈ ਕਿ 'ਪੂਰਨ ਜੋਤਿ' ਘਟ ਘਟ ਵਿਚ ਸਮੋਈ ਹੋਈ ਤਾਂ ਹੈ ਪਰ "ਸਗਲ ਬਨਸਪਤਿ ਮਹਿ ਬੈਸੰਤਰੁ" ਵਾਂਗੂੰ ਗੁਪਤ ਹਾਲਤ ਵਿਚ ਹੈ। ਇਸ ਨੂੰ ਮੱਥ ਕੇ ਤੱਤ ਕਿਵੇਂ ਨਿਕਸੇ ? ਘਟ ਘਟ ਵਿਚ ਲਟ ਲਟ ਕਰ ਕਿਵੇਂ ਜਗੇ ? ਇਸ ਦਾ ਉਤਰ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਗੁਰਮਤਿ ਵਿਚਾਰ'

ਵਿਚ ਇਸ ਪ੍ਰਕਾਰ ਦਿੰਦੇ ਹਨ—

"ਜਾਗਤਿ-ਜੋਤਿ ਕਿਵੇਂ ਜਗਦੀ ਹੈ ? ਇਸ ਨਾਮ ਰੂਪੀ ਜਾਗਤ-ਜੋਤਿ ਦਾ ਅਭਿਆਸ ਰੂਪੀ ਜਾਗ, ਪਾਰਸ ਸੁਪਰਸਨੀ ਜਾਗੁ ਉਸੇ ਵਡ ਭਾਗੀ ਆਤਮ-ਆਕਰਖਣੀ ਰੂਹ ਨੂੰ ਲਗਦਾ ਹੈ ਜਿਸ ਦੇ ਘਟ ਅੰਦਰ ਗੁਰੂ ਕਰੁਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸੀ ਜਾਏ। ਇਹ ਕੇਵਲ ਗੁਰੂ ਹੁਕਮ ਅਨੁਸਾਰ ਗੁਰੂ ਜੋਤਿ ਕਲਾ ਪ੍ਰਕਾਸ਼ ਕ੍ਰਿਸ਼ਮੀ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਪਾਰਸ ਸੁਪਰਸਨੀ ਕ੍ਰਿਸ਼ਮੇ ਦਵਾਰਾ ਹੀ ਸੁਪਰਸੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤ-ਧਾਰੀ ਪੰਚਾਂ ਪਿਆਰਿਆਂ ਦੀ ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ ਨਾਮ-ਦਾਤਿ ਰੂਪੀ ਚੁੰਭਕ-ਸੁਪਰਸ ਹੀ ਨਾਮ ਰੂਪੀ ਜਗਨ-ਜੋਤਿ ਦੀਵੇ, ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪਰਗਟ ਗੁਰਾਂ ਕੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤ-ਧਾਰੀ, ਤਿਆਰ-ਬਰ-ਤਿਆਰ ਅੰਮ੍ਰਿਤ-ਕਲਾ-ਕ੍ਰਿਸ਼ਮੀ, ਨਾਮ ਅਭਿਆਸ ਕਮਾਈਆਂ ਵਾਲੇ, ਪੰਜਾਂ ਪਿਆਰਿਆਂ ਦੁਆਰਾ, ਜਗਿਆਸੂ ਜਨਾਂ ਦੇ ਘਟਾਂ ਅੰਦਰ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ, ਜਾਗਤ-ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ, ਨਿਸ ਬਾਸਰ ਹੀ ਅੰਮ੍ਰਿਤ-ਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿ-ਆਸਿਆ ਕਮਾਇਆ ਜਾਵੇ, ਤਦ ਜਾ ਕੇ ਜਾਗਤ-ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਦੀ ਹੈ, ਪਰ ਜਗਾਈ ਹੀ ਜਗਦੀ ਹੈ।" [ਗੁਰਮਤਿ ਵਿਚਾਰ, ਪੰਨਾ ੯੫-੯੬

ਉਪਰ ਦਿਤੇ ਗੁਰ-ਫ਼ੁਰਮਾਨ ਤੇ ਭਾਈ ਸਾਹਿਬ ਦੀ ਵਿਆਖਿਆ ਤੋਂ ਸਪੱਸ਼ਟ ਸਿਧ ਹੁੰਦਾ ਹੈ ਕਿ ਪੂਰਨ-ਜੋਤਿ ਘਟ ਮੈ ਜਗਦੀ ਤਾਂ ਜ਼ਰੂਰ ਹੈ, ਪਰ ਜਗਦੀ ਹੈ ਗੁਰੂ ਜੋਤਿ ਦੇ ਜਗਾਇਆਂ ਹੀ, ਐਵੇਂ ਨਹੀਂ। ਜੋਤਿ ਜਗੇ ਬਾਝੋਂ ਅੰਧੇਰਾ ਦੂਰ ਨਹੀਂ ਹੁੰਦਾ—

ਉਪਰ ਲਿਖੀ ਵਿਧੀ ਅਨੁਸਾਰ, ਗੁਰੂ ਦੇ ਮਿਲਾਪ ਉਪਰੰਤ, ਨਾਮ ਦੀ ਕਮਾਈ ਦਵਾਰਾ, ਜਦੋਂ ਗੁਰਮੁਖਿ ਦਾ ਦਸਮ-ਦੁਆਰ ਖੁਲ੍ਹਦਾ ਹੈ ਤਾਂ—

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥ (ਪੰਨਾ ੮੭)

ਜਦੋਂ ਅਲਖੁ ਨਿਰੰਜਨੁ ਨੂੰ ਗੁਰਮੁਖਿ ਆਪਣੀ ਅਖੀਂ ਦੇਖਦਾ ਹੈ, ਤਾਂ ਕੀ ਦੇਖਦਾ ਹੈ ਕਿ ਹਰ ਪਾਸੇ "ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ" ਹੀ ਦੇਖਦਾ ਹੈ। ਇਹ ਪ੍ਰਕਾਸ਼ ਸਿਰਫ਼ ਦਸਮ-ਦੁਆਰ ਵਿਚ ਹੀ ਨਹੀਂ ਦੇਖੀਦਾ, ਸਗੋਂ ਪੁਸਤਕ "ਅਨਹਦ-ਸ਼ਬਦ-ਦਸਮ-ਦੁਆਰ" ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜ਼ਬਾਨੀ :

"ਸੁਰਤਿ-ਸ਼ਬਦ ਦੀ ਗੁਰਮਤਿ ਗੁਹਜ ਕਥਾ, ਇਸ ਕਰਕੇ ਗੁਹਜ ਨਹੀਂ ਕਿ ਇਸ ਨੂੰ ਜਾਣ ਬੁਝ ਕੇ ਗੁਪਤ ਰਖਣਾ ਦਰਕਾਰ ਹੈ। ਅਸਲ ਗੱਲ ਇਹ ਹੈ ਕਿ ਇਹ ਦਸੀ ਨਹੀਂ ਜਾ ਸਕਦੀ; ਕੇਵਲ ਲਖੀ ਹੀ ਜਾ ਸਕਦੀ ਹੈ, ਲਿਖੀ ਕਥੀ ਨਹੀਂ ਜਾ ਸਕਦੀ, ਪਰੇ ਤੇ ਪਰੇ ਹੈ। ਨਾਭ-ਪਵਨ ਨਿਜ ਘਰਿਆ ਸ਼ਬਦ ਗੁਰਮੰਤਰ ਗੁਰਮੁਖ ਖੋਜ ਖੋਜਰਨੀ ਤੱਤ-ਲਖਤਾ ਕਰਕੇ ਨਿਰੰਤਰ ਨਿਜ ਘਰ ਵਿਖੇ ਜੋਤਿ ਜਗਾਈ ਰਖਦਾ ਹੈ ਅਤੇ ਪਿੰਡ ਪੁਲਾੜ ਅੰਦਰ ਭੀ ਜੋਤਿ ਪਸਰਾਉ ਨੂੰ ਪਸਰਾਈ ਅਸਤਥਾਈ ਰਖਦਾ ਹੈ। ਸਾਰੇ ਬ੍ਰਹਮੰਡ, ਤ੍ਰਿਭਵਣ ਨਭ ਗਗਨ ਉਘਾੜ ਵਿਖੇ ਭੀ ਜੋਤਿ ਦਾ ਪਸਰਾਉ ਆਸ਼ਕਾਰਾ ਸਾਖਸ਼ਾਤਕਾਰਾ ਏਸੇ ਗੁਰ-ਸ਼ਬਦ ਤੋਂ ਹੀ ਲਹੀਦਾ (ਲਖੀਦਾ) ਹੈ।" [ਅਨਾਹਦ ਸ਼ਬਦ ਦਸਮ ਦੁਆਰ, ਪੰਨਾ ੧੩

ਭਾਈ ਸਾਹਿਬ ਦੇ ਇਸ ਕਥਨ ਦਾ ਭਾਵ-ਅਰਥ ਇਹ ਹੈ ਕਿ ਦਸਮ-ਦੁਆਰੇ ਜੋਤਿ ਦਾ ਪ੍ਰਕਾਸ਼ ਹੋਣ


www.AKJ.Org

ਉਪਰੰਤ, ਇਹ ਪ੍ਰਕਾਸ਼ ਪੂਰੇ ਪਿੰਡ ਸਰੀਰ ਵਿਚ ਫੈਲ ਜਾਂਦਾ ਹੈ। ਅਗੋਂ ਇਹ ਹੀ ਪ੍ਰਕਾਸ਼ ਪੂਰੇ ਬ੍ਰਹਮੰਡ ਅੰਦਰ ਪ੍ਰਕਾਸ਼ਮਾਨ ਹੋ ਉਠਦਾ ਹੈ। ਦਰ-ਅਸਲ ਹਕੀਕਤ ਇਹ ਹੈ ਕਿ—

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥ [ਪੰਨਾ ੬੨੨

ਗਿਆਨ ਇੰਦਰਆਂ ਦੀ ਗ੍ਰਹਿਣ-ਸ਼ਕਤੀ ਘਟ ਤੋਂ ਘਟ ਅਤੇ ਵਧ ਤੋਂ ਵਧ ਦੋ ਹਦਾਂ ਅੰਦਰ ਸੀਮਤ ਹੈ। ਇਨ੍ਹਾਂ ਦੋ ਹਦਾਂ ਤੋਂ ਪਰੇ, ਕਿਸੀ ਭੀ ਸ਼ੈ ਦਾ ਗਿਆਨ ਸੰਭਵ ਨਹੀਂ। ਸਾਇੰਸ ਦੇ ਇਸ ਨਿਯਮ ਅਨੁਸਾਰ ਇਨਸਾਨੀ ਅੱਖ ਦੇ ਦੇਖਣ ਦੀ ਸ਼ਕਤੀ ੪੦੦੦ ਤੋਂ ੮੦੦੦ ਐਗੰਸਟ੍ਰਮ (ਪ੍ਰਕਾਸ਼ ਦੇ ਨਾਮ ਦੀ ਇਕਾਈ) ਦੇ ਵਿਚਕਾਰ ਹੈ। ੪੦੦੦ ਐਗੰਸਟ੍ਰਮ ਤੋਂ ਪ੍ਰਕਾਸ਼ ਘਟ ਜਾਵੇ ਤਾਂ ਭੀ ਕੁਝ ਨਜ਼ਰ ਨਹੀਂ ਆਉਂਦਾ, ੮੦੦੦ ਐਗੰਸਟ੍ਰਮ ਤੋਂ ਪ੍ਰਕਾਸ਼ ਵੱਧ ਜਾਵੇ ਤਾਂ ਅੱਖੀਆਂ ਫੇਰ ਭੀ ਕੁਝ ਨਹੀਂ ਦੇਖ ਸਕਦੀਆਂ।

ਇਨ੍ਹਾਂ ਦੋਹਾਂ ਹਦਾਂ ਤੋਂ ਪਰੇ ਦੇਖਣ ਲਈ ਦਿਬ-ਦ੍ਰਿਸ਼ਟੇ ਲੋਇਣਾਂ ਦੀ ਲੋੜ ਪੈਂਦੀ ਹੈ, ਜੋ ਸਤਿਗੁਰੂ ਦੇ ਮਿਲਾਪ ਉਪਰੰਤ, ਨਾਮ ਦੀ ਪ੍ਰਾਪਤੀ, ਕਮਾਈ ਤੇ ਦਸਮ-ਦੁਆਰ ਖੁਲ੍ਹਣ ਤੇ ਪੈਦਾ ਹੁੰਦੀ ਹੈ। ਇਸ ਅਵਸਥਾ ਵਿਚ ਜਦੋਂ ਜਾਗਤ-ਜੋਤਿ, ਅਕਾਲ ਪੁਰਖ ਦਾ ਪ੍ਰਕਾਸ਼, ਸੰਸਾਰ ਦੇ ਕਣ ਕਣ ਵਿਚ ਨਜ਼ਰ ਆਉਂਦਾ ਹੈ ਤਾਂ ਹਨੇਰੇ ਦੇ ਕਾਇਮ ਰਹਿਣ ਲਈ ਕੋਈ ਭੀ ਥਾਂ ਨਹੀਂ ਰਹਿ ਜਾਂਦੀ। ਯਾਦ ਰਹੇ ਕਿ ਇਹ ਪ੍ਰਕਾਸ਼, ਉਸ ਪੂਰਨ-ਜੋਤਿ ਦਾ ਪੂਰਨ-ਪ੍ਰਕਾਸ਼ ਹੈ, ਜਿਸ ਦਾ ਇਕ ਤੁਛ ਮਾਤਰ ਹਿਸਾ ਖ਼ਰਬਾਂXਅਰਬਾਂ ਸੂਰਜਾਂ ਦੇ ਪ੍ਰਕਾਸ਼ ਦੇ ਰੂਪ ਵਿਚ ਸੰਸਾਰ ਵਿਚ ਪਹਿਲਾਂ ਹੀ ਮੌਜੂਦ ਹੈ। ਪੂਰਨ-ਜੋਤਿ ਦੇ ਇਸ ਪੂਰਨ-ਪ੍ਰਕਾਸ਼ ਦੇ ਸਾਹਮਣੇ, ਸੌ ਚੰਦ ਤੇ ਹਜ਼ਾਰ ਸੂਰਜਾਂ ਦਾ ਪ੍ਰਕਾਸ਼ ਇਕ ਟਟੈਣੇ (ਜੁਗਨੂੰ) ਦੀ ਲੋ ਸਮਾਨ ਭੀ ਨਜ਼ਰ ਨਹੀਂ ਆਏਗਾ। ਇਸ ਤੱਥ ਨੂੰ ਮੁਖ ਰਖ ਕੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਸਾ ਦੀ ਵਾਰ ਵਿਚ ਫ਼ੁਰਮਾਇਆ ਹੈ—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥ (ਪੰਨਾ ੪੬੩)

---

# ਅਮਰ ਸ਼ਹੀਦ ਦਸਮੇਸ਼ ਦੁਲਾਰੇ

[ਗਿ: ਗੋਪਾਲ ਸਿੰਘ ਜੀ 'ਮਿੱਤਰ', 308/4 ਰਾਮ ਨਗਰ, ਗੁੜਗਾਉਂ]

ਕਿਸੇ ਜੀਤ ਖ਼ਾਨ ਤੋਂ 'ਅਜੀਤ' ਗਿਆ ਜਿਤਿਆ ਨਾ, ਹਾਰ ਗਈ 'ਹਾਰ', ਪਰ ਅਜੀਤ ਨਹੀਂ ਹਾਰਿਆ।
ਸ਼ੇਰ ਵਾਂਗ ਗੱਜਿਆ ਮੈਦਾਨ 'ਚਮਕੌਰ' ਵਿਚ, ਵੈਰੀ ਦਲਾਂ ਵਿਚ ਪਾ ਦਿੱਤੀ ਹਾਲ ਪਾਹਰਿਆ।
ਸਿਰ ਉਹਦਾ ਕੱਦੂ ਵਾਂਗ ਕਟਿਆ ਤਲਵਾਰ ਨਾਲ, ਜਿਸ ਨੇ ਵੀ ਵਿਚ ਮੈਦਾਨ ਦੇ ਵੰਗਾਰਿਆ।
ਆਣ ਅਣਖ ਦੇਸ਼ ਦੀ ਬਚਾਣ ਲਈ ਵਾਰੀ ਜਾਨ, ਅਟਸ਼ਾਂ ਤੋਂ 'ਮਿਤਰ' ਦੇਵੀ ਦੇਵਾਂ ਨਮਸਕਾਰਿਆ।

ਜੂਝਿਆ 'ਜੁਝਾਰ' ਪਾਈ ਰਣ ਵਿਚ ਹਾਹਾਕਾਰ, ਵਡੇ ਵਡੇ ਜੋਧਿਆਂ ਦੀ ਕੰਬ ਜਿੰਦ ਜਾਨ ਗਈ।
ਆਹੂ ਲਾਹੇ ਜ਼ਾਲਮਾਂ ਦੇ ਰੱਜ ਰਣ-ਖੇਤ ਵਿਚ, ਲਾਲ ਹੋਈ ਧਰਤ ਮਾਨੋ ਹੋ ਲਹੂ ਲੁਹਾਨ ਗਈ।
ਕਰਦੀ ਗਈ ਸਾਫ਼ ਵੈਰੀ ਦਲਾਂ ਤਾਈਂ ਰੁਖਾਂ ਵਾਂਗ, ਜੇਹੜੇ ਪਾਸੇ ਚਲਦੀ ਸੀ ਸ਼ੇਰ ਦੀ ਕਿਰਪਾਨ ਗਈ।
ਗਈ ਰੂਹ ਅੰਤ ਸਚਖੰਡ ਨੂੰ ਉਡਾਰੀ ਮਾਰ, ਸਦਾ ਲਈ ਦੇਸ਼ ਉੱਤੇ ਕਰ ਅਹਿਸਾਨ ਗਈ।

ਜਦੋਂ ਤੀਕ ਕਾਇਮ ਨੇ ਸੂਰਜ ਤੇ ਚੰਨ ਤਾਰੇ, ਤਦੋਂ ਤੀਕ ਯਾਦ ਕਾਇਮ ਰਹਿਸੀ ਦੁਲਾਰਿਆਂ ਦੀ।
ਚੰਦਰਮੇ ਦੇ ਵਾਂਗ ਕਰੂ ਚਾਨਣਾ ਹਨੇਰੇ ਵਿਚ, ਅਮਰ ਕਹਾਣੀ ਦਸ਼ਮੇਸ਼-ਅੱਖ-ਤਾਰਿਆਂ ਦੀ।
ਲਹੂ ਨਾਲ ਲਿਖੀ ਇਤਿਹਾਸ ਦਿਆਂ ਪੰਨਿਆਂ ਤੇ, ਉਲੀਕੀ ਹੋਈ ਰਾਹ ਇਨ੍ਹਾਂ ਗੁਜਰੀ-ਪਿਆਰਿਆਂ ਦੀ।
ਝੁਕ ਚੁਕ ਲਾਵੇ ਮੱਥੇ ਚਰਨ ਧੂੜ 'ਮਿਤਰ' ਵੀ ਅਜੀਤ ਤੇ ਜੁਝਾਰ, ਜ਼ੋਰਾਵਰ ਫ਼ਤਹ ਸਾਰਿਆਂ ਦੀ।



www.AKJ.Org

# ਪਟਨਾ ਗੁਰੂ ਕਾ ਘਰੁ ਹੈ

[ਪ੍ਰੋਫੈਸਰ ਸ਼ਮਸ਼ੇਰ ਸਿੰਘ ਜੀ]

ਪਟਨੇ ਦੀ ਧਰਤੀ ਨੂੰ ਤਿੰਨ ਗੁਰੂ ਸਾਹਿਬਾਨ ਨੇ ਆਪਣੀ ਚਰਨ-ਛੋਹ ਨਾਲ ਪਵਿਤਰ ਕੀਤਾ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਆਪਣੀ ਪੂਰਬ ਦੀ ਯਾਤਰਾ ਸਮੇਂ ੧੫੦੯ ਈ: ਇਥੇ ਆਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਪੂਰਬ ਦੀ ਯਾਤਰਾ ਸਮੇਂ ੧੬੬੬ ਈ: ਪ੍ਰਵਾਰ ਸਮੇਤ ਇਸ ਧਰਤੀ ਨੂੰ ਭਾਗ ਲਾਏ ਅਤੇ ਪ੍ਰਵਾਰ ਨੂੰ ਇਥੇ ਛੱਡ ਕੇ ਬੰਗਾਲ, ਅਸਾਮ ਵਲ ਪ੍ਰਚਾਰ ਦਾ ਰੁੱਖ ਕੀਤਾ। ਗੁਰੂ ਜੀ ਢਾਕੇ (ਬੰਗਾਲ) ਵਿਚ ਸਨ, ਜਦ ਪਟਨੇ ਤੋਂ ਖ਼ਬਰ ਪਹੁੰਚੀ ਕਿ ਗੋਬਿੰਦ ਰਾਇ ਦਾ ਜਨਮ ਹੋਇਆ ਹੈ।

ਉਪ੍ਰੋਕਤ ਵਾਕ (ਸਿਰਲੇਖ) ਗੁਰੂ ਤੇਗ ਬਹਾਦਰ ਜੀ ਦੀ ਪਵਿਤਰ ਰਸਨਾ ਤੋਂ ਨਿਕਲਿਆ ਹੈ, ਜਿਹੜਾ ਉਨ੍ਹਾਂ ਆਪਣੇ ਕਈ ਹੁਕਮਨਾਮਿਆਂ ਅੰਦਰ ਵਰਤਿਆ ਹੈ ਅਤੇ ਪਟਨੇ ਦੀ ਸੰਗਤ ਨੂੰ ਬਾਰ ਬਾਰ ਅਸ਼ੀਰਬਾਦ ਦਿੰਦਿਆਂ ਇਸ ਵਾਕ ਨੂੰ ਦੁਹਰਾਇਆ ਹੈ। ਪਟਨਾ ਸੱਚ ਮੁੱਚ ਹੀ ਗੁਰੂ ਕਾ "ਘਰੁ ਹੈ"। ਇਸ ਦੀਆਂ ਗਲੀਆਂ ਅੰਦਰ ਗੋਬਿੰਦ ਰਾਇ ਨੇ ਆਪਣੇ ਬਚਪਨ ਦੇ ਲਗ ਪਗ ਸਤ ਸਾਤ ਖੇਡ ਕੇ ਗੁਜ਼ਾਰੇ ਅਤੇ ਇਨ੍ਹਾਂ ਗਲੀਆਂ ਅੰਦਰ ਗੁਰਦੇਵ ਦੀਆਂ ਛੋਟੀਆਂ ਛੋਟੀਆਂ ਪੈੜਾਂ ਨੇ ਕਈ ਅਮਰ ਯਾਦਗਾਰਾਂ ਪੈਦਾ ਕਰ ਦਿੱਤੀਆਂ। ਇਹੀ ਕਾਰਨ ਹੈ ਕਿ ਅੱਜ ਹਰ ਸਿੱਖ ਪ੍ਰਾਣੀ ਮਾਤਰ ਨੂੰ ਪਟਨੇ ਦਾ ਨਾਂ ਲੈਣ ਵਿਚ ਕਾਫ਼ੀ ਫ਼ਖ਼ਰ ਮਹਿਸੂਸ ਹੁੰਦਾ ਹੈ, ਕਿਉਂਕਿ ਪਟਨੇ ਦੀ ਧਰਤੀ ਉਸ ਮਹਾਨ ਹਸਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਨਮ ਦੇਣ ਵਾਲੀ ਹੈ, ਜਿਸ ਨੇ ਹਿੰਦੁਸਤਾਨ ਦੀ ਕਾਇਆਂ-ਕਲਪ ਕੀਤੀ ਸੀ।

ਪਟਨਾ ਸਾਹਿਬ ਦਾ ਨਾਂ ਲੈਂਦਿਆਂ ਹੀ ਹਰ ਜਗਿਆਸੂ ਦੇ ਮਨ ਅੰਦਰ ਸ਼ਰਧਾ ਤੇ ਸਤਿਕਾਰ ਆ ਜਾਂਦਾ ਹੈ। ਗੁਰੂ ਸਾਹਿਬਾਂ ਤੋਂ ਬਿਨਾਂ ਪਟਨਾ ਸ਼ਹਿਰ ਨੂੰ ਕਈ ਇਤਿਹਾਸਕਾਰਾਂ ਨੇ ਕਲਮ ਨਾਲ ਚਿਤਰਿਆ, ਵਿਦੇਸੀ ਯਾਤਰਾ (ਚੀਨੀ ਯਾਤਰਾ ਹੀਨਸਾਂਗ, ਤੇ ਫ਼ਾਈਯਾਨ) ਸਲੂਕਸ ਨਿਕੋਟਰ ਦਾ ਰਾਜਦੂਤ ਮੈਗਥਨੀਜ਼ ਕਾਫ਼ੀ ਸਮਾਂ ਇਥੇ ਠਹਿਰਿਆ। ਮੈਗਥਨੀਜ਼ ਨੇ ਪਾਟਲੀ ਪੁੱਤਰ (ਪਟਨਾ) ਨੂੰ ਭਾਰਤ ਦਾ ਲੰਬਾ ਤੇ ਵੱਡਾ ਸ਼ਹਿਰ ਵਰਨਣ ਕੀਤਾ ਹੈ। ਇਸ ਸ਼ਹਿਰ ਵਿਚੋਂ ਮਹਾਰਾਜਾ ਅਸ਼ੋਕ ਦੇ ਰਾਜ ਸਮੇਂ ਬੋਧੀ ਸਮੇਲਨ ਅਤੇ ਨੰਦ ਰਾਜਿਆਂ ਦੇ ਰਾਜ ਸਮੇਂ ਅਚਾਰੀਆ ਭਦਰਵਾਓ ਦੀ ਪ੍ਰਧਾਨਗੀ ਹੇਠ ਪੂਰੇ ਭਾਰਤ-ਵਰਸ਼ ਦੇ ਜੈਨੀਆਂ ਦੀ ਮੀਟਿੰਗ ਹੋਈ, ਜਿਸ ਵਿਚ ੨੦ ਹਜ਼ਾਰ ਜੈਨੀਆਂ ਨੇ ਭਾਗ ਲਿਆ। ਪਟਨਾ ਸਦੀਆਂ ਪੁਰਾਣਾ ਸ਼ਹਿਰ ਹੈ।

ਗੁਰੂ ਨਾਨਕ ਸਾਹਿਬ ਦੀ ਯਾਤਰਾ ਦੇ ਦੌਰਾਨ ਪਟਨਾ (ਪਾਟਲੀ ਪੁਤਰ) ਚਾਰ ਚੁਫੇਰਿਓਂ ਲਕੜ ਦੀ ਦੀਵਾਰ ਨਾਲ ਘਿਰਿਆ ਹੋਇਆ ਸੀ ਅਤੇ ਇਸਦੇ ੬੪ ਦਰਵਾਜ਼ੇ ਸਨ। ਗੁਰੂ ਨਾਨਕ ਦੇਵ ਜੀ ਪਛਮੀ ਦਰਵਾਜ਼ੇ ਰਾਹੀਂ ਪਟਨੇ ਵਿਚ ਦਾਖਲ ਹੋਏ ਅਤੇ ਮਰਦਾਨੇ ਨੂੰ ਇਕ ਹੀਰਾ ਦੇ ਕੇ ਬਾਹਰ ਵੇਚਣ ਵਾਸਤੇ ਭੇਜਿਆ ਤੇ ਦਸਿਆ ਕਿ ਮਨੁਖੀ ਜ਼ਿੰਦਗੀ ਇਸ ਹੀਰੇ ਵਾਂਗ ਕੀਮਤੀ ਹੈ। ਮਰਦਾਨੇ ਨੇ ਹੀਰਾ ਇਕ ਸਬਜ਼ੀ ਦੀ ਦੁਕਾਨ ਤੇ ਕਪੜੇ ਦੀ ਦੁਕਾਨ ਤੇ ਦੇਣਾ ਚਾਹਿਆ, ਪ੍ਰੰਤੂ ਤਸੱਲੀ ਨਾ ਹੋਣ ਤੇ ਇਹ ਹੀਰਾਂ ਲੈ ਕੇ ਇਕ ਜੌਹਰੀ ਦੀ ਦੁਕਾਨ ਤੇ ਪਹੁੰਚਿਆ, ਜਿਸ ਦਾ ਨਾਮ ਸਾਲਸ ਰਾਏ ਸੀ। ਉਸ ਦਾ ਨੌਕਰ ਅਧਰਕੀ ਮਿਲਿਆ। ਸਾਲਸ ਰਾਏ ਜੌਹਰੀ ਨੇ ਇਸ ਹੀਰੇ ਦਾ ਦਰਸ਼ਨੀ ਮੁੱਲ ੧੦੦/- ਦੇਣਾ ਕੀਤਾ। ਜਿਹੜਾ ਮੁੱਲ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਮਰਦਾਨੇ ਨੇ ਸਾਲਸ ਰਾਏ ਨੂੰ ਵਾਪਸ ਕਰ ਦਿਤਾ। ਉਪ੍ਰੰਤ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰ ਕੇ ਅਨਿੰਨ ਭਗਤ ਬਣਿਆ ਅਤੇ ਗੁਰੂ ਜੀ ਨੇ ਸਾਲਸ ਰਾਏ ਦੇ ਦਰਸ਼ਨਾਂ ਨੂੰ ਆਉਣ ਤੇ ਹੇਠ ਲਿਖਿਆ ਸ਼ਬਦ ਉਚਾਰਨ ਕੀਤਾ:

ਮਾਰੂ ਮਹਲਾ ੧ ॥

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥


www.AKJ.Org

ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ॥
(ਪੰਨਾ ੯੯੦, ਆਦਿ ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਦੇਵ ਜੀ ਪਟਨਾ ਵਿਖੇ ਲਗ ਪਗ ਚਾਰ ਮਹੀਨੇ ਠਹਿਰੇ। ਗੁਰੂ ਜੀ ਸਵੇਰੇ ਸ਼ਾਮ ਸੰਗਤ ਨੂੰ ਉਪਦੇਸ਼ ਕਰਦੇ। ਸਾਲਸ ਰਾਏ ਜੌਹਰੀ ਦੇ ਘਰ ਨੂੰ ਪਵਿਤਰ ਕੀਤਾ। ਅਤੇ ਨਤੀਜੇ ਵਜੋਂ ਸਾਲਸ ਰਾਏ ਨੇ ਆਪਣੇ ਘਰ ਨੂੰ ਇਸ ਸੰਗਤ ਦਾ ਰੂਪ ਦੇ ਕੇ ਇਸ ਦਾ ਮੁਖੀ ਆਪਣੇ ਨੌਕਰ ਅਧਰਕੇ ਨੂੰ ਥਾਪ ਦਿੱਤਾ। ਅਧਰਕੀ ਇਕ ਇਮਾਨਦਾਰ ਨੌਕਰ ਹੋਣ ਦੇ ਨਾਲ ਨਾਲ ਧਾਰਮਕ ਰੁਚੀਆਂ ਵਾਲਾ ਸੀ। ਅਧਰਕੇ ਨੇ ਪੂਰੀ ਸ਼ਰਧਾ ਤੇ ਉਦਮ ਨਾਲ ਇਸ ਸੰਗਤ ਨੂੰ ਉਜਾਗਰ ਰਖਿਆ।

ਗੁਰੂ ਤੇਗ ਬਹਾਦਰ ਸਾਹਿਬ ਜਦੋਂ ਪਟਨੇ ਪ੍ਰਵਾਰ ਸਮੇਤ ਪਹੁੰਚੇ ਤਾਂ ਇਸ ਸੰਗਤ ਦਾ ਮੁਖੀ ਘਨਸ਼ਾਮ ਸੀ, ਜੋ ਅਧਰਕੇ ਦਾ ਪੜਪੋਤਰਾ ਸੀ, ਬਹੁਤ ਹੀ ਖ਼ੁਸ਼ ਹੋਇਆ। ਗੁਰੂ ਸਾਹਿਬ ਗੁਰਦੁਆਰਾ ਗਾਏ ਘਾਟ (ਜੋ ਬੜੀ ਸੰਗਤ ਗਾਏ ਘਾਟ ਨਾਲ ਮਸ਼ਹੂਰ ਹੈ), ਠਹਿਰੇ ਹੋਏ ਸਨ। ਘਨਸ਼ਾਮ ਨੇ ਇਕ ਜਲੂਸ ਦੀ ਸ਼ਕਲ ਵਿਚ ਗੁਰੂ ਸਾਹਿਬਾਂ ਨੂੰ ਪ੍ਰਵਾਰ ਸਮੇਤ ਸਾਲਸ ਰਾਏ ਜੌਹਰੀ ਦੀ ਸੰਗਤ (ਹੁਣ ਤਖਤ ਸ੍ਰੀ ਪਟਨਾ ਸਾਹਿਬ) ਲਿਆਂਦਾ ਅਤੇ ਪ੍ਰਵਾਰ ਦੇ ਰਹਿਣ ਲਈ ਯੋਗ ਪ੍ਰਬੰਧ ਕੀਤਾ। ਇਤਿਹਾਸ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਕੁਝ ਸਮਾਂ ਇਥੇ ਠਹਿਰ ਕੇ ਅੱਗੇ ਬੰਗਾਲ, ਅਸਾਮ ਵਲ ਪ੍ਰਚਾਰ ਦਾ ਰੁੱਖ ਕੀਤਾ ਅਤੇ ਮੁੰਗੇਰ (ਜੋ ਬਿਹਾਰ ਦਾ ਇਕ ਜ਼ਿਲਾ ਹੈ) ਜਾ ਕੇ ਪਟਨਾ ਦੀ ਸੰਗਤ ਦੇ ਨਾਮ ਇਕ ਹੁਕਮਨਾਮੇ ਰਾਹੀਂ 'ਪਟਨੇ ਦੀ ਸੰਗਤ ਗੁਰੂ ਰਖੇਗੀ', ਕਹਿੰਦਿਆਂ ਲਿਖਿਆ ਹੈ ਕਿ ਪ੍ਰਵਾਰ ਨੂੰ ਇਕ ਅੱਛੀ ਹਵੇਲੀ ਵਿਚ ਰਖਣਾ, ਜਿਹੜਾ ਹੇਠ ਲਿਖੀ ਰਚਨਾ ਤੋਂ ਭਲੀ ਭਾਂਤ ਸਾਫ਼ ਹੈ :—

ਅਸੀਂ ਪਰੇ ਰਾਜੇ ਦੇ ਸਾਥ ਗਏ ਹਾਂ,......ਕਬੀਲਾ ਹਮੋ ਪਟਣੇ ਮੈਂ ਛੋੜਾ ਹੈ—ਕੋਈ ਅਵਲ ਹਬੇਲੀ ਹੋਵੇ ਬੱਡੀ ਤਿਸ ਮੋਂ ਕਬੀਲਾ ਹਮਾਰਾ ਰੱਖਣਾ— (੧੩ ਨੰਬਰ ਹੁਕਮਨਾਮਾ—ਸੰਪਾਦਕ ਡਾ: ਗੰਡਾ ਸਿੰਘ)

ਇਸ ਹੁਕਮਨਾਮੇ ਰਾਹੀਂ ਗੁਰੂ ਜੀ ਨੇ ਸੰਗਤ ਦੀ ਸੇਵਾ ਘਾਲ ਥਾਇ ਪਾਈ, ਰੁਜਗਾਰ ਵਿਚ ਬਰਕਤਾਂ, ਸੇਵਾ ਦਾ ਵੇਲਾ ਆਦਿ ਬਖਸ਼ਿਸ਼ਾਂ ਦੇ ਕੇ ਡੇਰਾ ਕੂਚ ਕੀਤਾ।

ਪ੍ਰਵਾਰ ਨੂੰ ਪਟਨਾ ਛੱਡਣ ਦਾ ਮਤਲਬ ਇਹੀ ਸੀ ਕਿ ਮਾਤਾ ਗੁਜਰੀ ਜੀ ਗਰਭਵਤੀ ਸਨ ਅਤੇ ਇਹ ਜਗ੍ਹਾ ਸਹੂਲਤ ਵਾਲੀ ਦੇਖ ਕੇ ਇਥੇ ਠਹਿਰਨਾ ਹੀ ਉਚਿਤ ਸਮਝਿਆ ਅਤੇ ਗੁਰੂ ਜੀ ਜਦ ਢਾਕਾ (ਬੰਗਾਲ) ਪਹੁੰਚੇ ਤਦ ਪਟਨਾ ਸਾਹਿਬ ਤੋਂ ਸੂਚਨਾ ਮਿਲੀ ਕਿ ਘਰ ਲਾਲ ਦਾ ਜਨਮ ਹੋਇਆ ਹੈ। ਗੋਬਿੰਦ ਰਾਏ ਦਾ ਜਨਮ ਪੋਹ ਸੁਦੀ ਸਪਤਮੀ ਸੰਮਤ ੧੭੨੩ ਮੁਤਾਬਕ ੨੨ ਦਸੰਬਰ ੧੬੬੬ ਨੂੰ ਹੋਇਆ। "ਖ਼ਬਰ ਸੁਣ ਕੇ ਗੁਰੂ ਜੀ ਨੇ ਬਹੁਤ ਹੀ ਖੁਸ਼ੀਆਂ ਕੀਤੀਆਂ, ਬਹੁਤ ਸਾਰਾ ਧਨ ਦਾਨ ਕੀਤਾ, ਦੀਪਮਾਲਾ ਕੀਤੀ। ਜਨਮ ਸਮੇਂ ਤੋਂ ਬਾਅਦ ਪਟਨਾ ਨਿਵਾਸੀ ਸੰਗਤ ਨੇ ਗੁਰੂ ਪ੍ਰਵਾਰ ਦੀ ਬੜੀ ਸੇਵਾ ਕੀਤੀ, ਜਿਸ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨੀਚੇ ਲਿਖੇ ਇਕ ਹੁਕਮਨਾਮੇ ਰਾਹੀਂ ਗੋਬਿੰਦ ਰਾਏ ਦੀ ਵਧਾਈ ਉਪਰ, ਜੋ ਸੰਗਤ ਖਰਚ ਕੀਤਾ ਹੈ, ਗੁਰੂ ਦੀ ਦਰਗਾਹ ਥਾਇ ਪਜਾ" ਤੇ ਰੁਜਗਾਰ ਦਾ ਬਰਕਤ ਦੀ ਅਸ਼ੀਰਵਾਦ ਦਿੰਦਿਆਂ ਸਿਰੋਪਾਓ ਭੇਜਿਆ।

(ਹੁਕਮਨਾਮਾ ਨੰਬਰ ੨੧—ਸੰਪਾਦਕ ਡਾ: ਗੰਡਾ ਸਿੰਘ)

ਇਸ ਤੋਂ ਇਲਾਵਾ ਗੁਰੂ ਜੀ ਨੇ ਹੋਰ ਕਈ ਹੁਕਨਾਮਿਆਂ ਰਾਹੀਂ "ਪਟਨੇ ਨੂੰ ਗੁਰੂ ਕਾ ਘਰ" ਕਹਿ ਕੇ ਨਿਵਾਜਿਆ ਹੈ ਤੇ ਸੰਗਤ ਤਾਈਂ ਬਖਸ਼ਿਸ਼ਾਂ ਭੇਜੀਆਂ ਹਨ। ਇਹੋ ਕਾਰਨ ਹੈ ਕਿ ਅਜੇ ਵੀ ਪਟਨਾ ਨਿਵਾਸੀ ਸੰਗਤ ਤੇ ਖ਼ਾਸ ਮਿਹਰ ਹੈ।

ਗੋਬਿੰਦ ਰਾਏ ਜੀ ਨੇ ਆਪਣੇ ਬਚਪਨ ਦੇ ਸਤ ਸਾਲ ਪਟਨਾ ਵਿਖੇ ਬਿਤਾਏ ਅਤੇ ਇਥੋਂ ਦੀਆਂ ਗਲੀਆਂ ਨੂੰ ਆਪਣੀਆਂ ਨਿਕੀਆਂ ਪੈੜਾਂ ਨਾਲ ਪਵਿਤਰ ਕੀਤਾ। ਨਤੀਜੇ ਵਜੋਂ ਉਨ੍ਹਾਂ ਦੀਆਂ ਬਚਪਨ ਦੀਆਂ ਘਟਨਾਵਾਂ

ਅਜ ਅਮਰ ਇਤਿਹਾਸਕ ਯਾਦਗਾਰ ਬਣ ਗਈਆਂ। ਪਟਨੇ ਵਿਚ ਪੰਡਤ ਸ਼ਿਵਦਤ, ਨਵਾਬ ਰਹੀਮ ਬਖ਼ਸ਼, ਪੀਰ ਅਰੀਫ ਦੀਨ, ਸਈਅਦ ਭੀਖਨ ਸ਼ਾਹ, ਰਾਜਾ ਫ਼ਤਹ ਚੰਦ ਮੈਨੀ ਉਨ੍ਹਾਂ ਦੇ ਸ਼ਰਧਾਲੂਆਂ ਚੋਂ ਸਨ। ਗੋਬਿੰਦ ਰਾਏ ਦੀਆਂ ਇਨ੍ਹਾਂ ਯਾਦਗਾਰਾਂ ਨਾਲ ਸੰਬੰਧਤ ਥਾਵਾਂ ਅੱਜ ਗੁਰਦੁਆਰਿਆਂ ਨਾਲ ਸੁਸ਼ੋਭਤ ਹਨ ਅਤੇ ਉਨ੍ਹਾਂ ਦਾ ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਸਿੱਖ ਪੰਥ ਦਾ ਦੂਸਰਾ ਤਖਤ ਹੈ।

ਬਾਕੀ ਅਸਥਾਨ ਜੈਸਾ ਕਿ ਗੋਬਿੰਦ ਘਾਟ, ਜਿਸ ਨੂੰ ਕੰਗਨ ਘਾਟ ਵੀ ਕਹਿੰਦੇ ਹਨ, ਗੁਰੂ ਜੀ ਦੀ ਉਸ ਘਟਨਾ ਨਾਲ ਸੰਬੰਧਤ ਹੈ, ਜਦ ਗੁਰੂ ਜੀ ਨੇ ਸੋਨੇ ਦਾ ਕੰਗਨ ਗੰਗਾ ਵਿਚ ਸੁਟ ਕੇ, ਪੁਛਣ ਤੇ ਅਸਲ ਜਗ੍ਹਾ ਦੱਸਣ ਲਈ ਦੂਸਰਾ ਕੰਗਨ ਵੀ ਉਥੇ ਹੀ ਸੁਟ ਦਿਤਾ ਤੇ ਜਦੋਂ ਮਾਛੀ ਨੇ ਕੰਗਨ ਕਢਣ ਲਈ ਗੰਗਾ ਵਿਚ ਟੁੱਭੀ ਮਾਰੀ ਤਾਂ ਨੀਚੇ ਦੇਖਿਆ ਕਿ ਉਥੇ ਸੈਂਕੜੇ ਹੀ ਕੰਗਣ ਪਏ ਸਨ। ਇਸੇ ਕਿਨਾਰੇ ਤੇ ਗੁਰੂ ਜੀ ਨੇ ਪੰਡਤ ਸ਼ਿਵਦਤ ਨੂੰ ਮਾਨਸਿਕ ਸ਼ਾਂਤੀ ਬਖਸ਼ੀ ਸੀ।

ਦੂਸਰਾ ਗੁਰਦੁਆਰਾ ਬਾਲ ਲੀਲ੍ਹਾ ਦੇ ਨਾਮ ਨਾਲ ਮਸ਼ਹੂਰ ਹੈ। ਰਾਜਾ ਫ਼ਤਹ ਚੰਦ ਮੈਨੀ, ਜੋ ਉਥੋਂ ਦਾ ਰਾਜਾ ਸੀ, ਦੇ ਘਰ ਕੋਈ ਬੱਚਾ ਨਾ ਹੋਣ ਕਰਕੇ, ਰਾਣੀ ਗੋਬਿੰਦ ਰਾਏ ਨੂੰ ਬੜਾ ਪਿਆਰ ਕਰਦੀ ਸੀ, ਅਤੇ ਇਕ ਦਿਨ ਗੋਬਿੰਦ ਰਾਏ ਬੱਚਿਆਂ ਨਾਲ ਖੇਡਦੇ ਖੇਡਦੇ ਉਥੇ ਪਹੁੰਚੇ ਤੇ ਰਾਣੀ ਨੂੰ ਧਰਮ ਦੀ ਮਾਂ ਆਖਿਆ। ਰਾਣੀ ਤ੍ਰਿਪਤ ਹੋਈ। ਰਾਜੇ ਨੇ ਸਾਰਾ ਮਹਿਲ ਮਾੜੀ, ਗੁਰਦੁਆਰਾ ਬਣਾ ਦਿਤਾ, ਜੋ ਅੱਜ ਤਕ ਗੁਰਦੁਆਰਾ ਮੈਨੀ ਸੰਗਤ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਨੂੰ ਗੁਰਦੁਆਰਾ ਬਾਲ ਲੀਲ੍ਹਾ ਵੀ ਆਖਦੇ ਹਨ।

ਤੀਸਰੀ ਯਾਦ–ਗੁਰਦੁਆਰਾ ਗੁਰੂ ਕਾ ਬਾਗ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਜਿਥੇ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਤੋਂ ਵਾਪਸੀ ਤੇ ਠਹਿਰੇ ਸਨ। ਅਤੇ ਇਹ ਬਾਗ, ਜੋ ਸੁੱਕਾ ਹੋਇਆ ਨਵਾਬ ਕਰੀਮ ਬਖਸ਼ ਦਾ ਸੀ, ਗੁਰੂ ਜੀ ਦੇ ਚਰਨ ਪਾਉਣ ਤੇ ਹਰਾ ਭਰਾ ਹੋ ਗਿਆ। ਇਸੇ ਬਾਗ ਵਿਚ ਗੋਬਿੰਦ ਰਾਏ, ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਗਏ, ਭਾਵ, ਪਹਿਲੀ ਮਿਲਣੀ ਇਥੇ ਹੋਈ।

ਪਟਨਾ ਸਾਹਿਬ ਵਿਚ ਸਭ ਤੋਂ ਅਖ਼ੀਰਲੀ ਗੁਰੂ ਜੀ ਦੀ ਯਾਦ ਗੁਰਦੁਆਰਾ ਹਾਂਡੀ ਸਾਹਿਬ ਹੈ। ਜਿਥੇ ਗੁਰੂ ਜੀ ਨੇ ਪੰਜਾਬ ਨੂੰ ਜਾਣ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਾਣ ਸਮੇਂ ਪਹਿਲਾ ਪੜਾਓ ਕੀਤਾ ਸੀ। ਇਹ ਗੁਰਦੁਆਰਾ ਦਾਨਾਪੁਰ ਵਿਖੇ ਪਟਨਾ ਸਾਹਿਬ ਤੋਂ ੨੪ ਕਿਲੋ ਮੀਟਰ ਹੈ। ਬਿਰਧ ਮਾਈ ਨੂੰ ਜਦ ਪਤਾ ਲੱਗਾ ਕਿ ਗੁਰੂ ਜੀ ਆ ਰਹੇ ਹਨ ਅਤੇ ਰਾਤ ਪੜਾ ਮੇਰੇ ਗ੍ਰਹਿ ਵਿਖੇ ਕਰਨਗੇ ਤਦ ਉਸ ਗਰੀਬ ਮਾਈ ਨੇ ਖਿਚੜੀ ਤਿਆਰ ਕੀਤੀ। ਸੰਗਤ ਜ਼ਿਆਦਾ ਦੇਖ ਕੇ ਘਬਰਾ ਗਈ ਅਤੇ ਪ੍ਰਭੂ ਅਗੇ ਅਰਦਾਸ ਕੀਤੀ ਕਿ ਲਾਜ ਰੱਖੀਂ। ਪ੍ਰਭੂ ਦੀ ਬਖਸ਼ਿਸ਼ ਐਸੀ ਹੋਈ ਕਿ ਖਿਚੜੀ ਉਸ ਹਾਂਡੀ ਚੋਂ ਮੁੱਕੀ ਹੀ ਨਹੀਂ ਅਤੇ ਉਸ ਹਾਂਡੀ ਦੀ ਯਾਦ ਵਿਚ ਗੁਰਦੁਆਰਾ ਹਾਂਡੀ ਸਾਹਿਬ ਅਬਾਦ ਹੈ।

ਪਟਨਾ ਸਾਹਿਬ ਤਖਤ ਹੋਣ ਦੇ ਨਾਲ ਪੂਰਬੀ ਭਾਰਤ ਦੇ ਸਿੱਖਾਂ ਦਾ ਕੇਂਦਰ ਹੈ। ਇਹ ਪੁਰਾਣਾ ਸ਼ਹਿਰ ਕਲਕਤਾ ਤੋਂ ੩੩੧ ਮੀਲ, ਪੂਰਬੀ ਰੇਲਵੇ ਕਲਕੱਤਾ ਤੋਂ ਮੁਗਲ ਸਰਾਏ ਦੇ ਰਾਹ ਵਿਚ ਪੈਂਦਾ ਹੈ। ਹਵਾਈ ਰਸਤਾ ਦਿੱਲੀ ਤੋਂ ਕਲਕਤਾ ਅਤੇ ਨਿਪਾਲ ਵਿਚਕਾਰ ਹਵਾਈ ਸੈਂਟਰ ਪੈਂਦਾ ਹੈ। ਇਸ ਰਸਤੇ ਲੰਘਣ ਵਾਲੀਆਂ ਤਕਰੀਬਨ ਸਾਰੀਆਂ ਗੱਡੀਆਂ ਪਟਨਾ ਸਾਹਿਬ ਸਟੇਸ਼ਨ ਤੇ ਰੁਕਦੀਆਂ ਹਨ। ਇਹ ਪੂਰਬੀ ਭਾਰਤ ਦਾ ਪੁਰਾਣਾ ਸ਼ਹਿਰ ਹੋਣ ਦੇ ਨਾਤੇ ਬਿਹਾਰ ਦੀ ਰਾਜਧਾਨੀ ਵੀ ਹੈ।

['ਸੀਸ-ਗੰਜ' ਦਿਲੀ, ਮਈ ੧੯੯੩


www.AKJ.Org

# ਸਦਾ ਯਾਦ ਰੱਖੋ

1. ਸਿੱਖ ਨੇ ਕੇਵਲ ਇਕ ਅਕਾਲਪੁਰਖ ਦਾ ਨਾਮ ਹੀ ਸਿਮਰਨਾ ਹੈ, ਜੋ ਸਭ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰ ਸਕਣ ਦੇ ਸਮਰੱਥ ਹੈ।
2. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਕਿਸੇ ਅੱਗੇ ਮੱਥਾ ਟੇਕਣਾ ਹੈ।
3. ਸਿੱਖ ਨੇ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰ ਕੇ ਵਾਹਿਗੁਰੂ ਦਾ ਸਿਮਰਨ ਕਰਨਾ ਹੈ ਤੇ ਫਿਰ ਗੁਰਬਾਣੀ ਦਾ ਪਾਠ (ਨਿਤਨੇਮ) ਕਰਨਾ ਹੈ।
4. ਗੁਰਬਾਣੀ ਦਾ ਪਾਠ ਕਰਨ ਸਮੇਂ ਕਾਹਲੀ ਨਹੀਂ ਕਰਨੀ। ਪਿਆਰ, ਸਤਿਕਾਰ ਨਾਲ ਮਨ ਜੋੜ ਕੇ, ਸ਼ੁੱਧ ਪਾਠ ਕਰਨਾ ਹੈ।
5. ਗੁਰਸਿੱਖ ਨੇ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ ਸਰਵਣ ਕਰ ਕੇ ਲਾਹਾ ਲੈਣਾ ਹੈ। ਸਿੱਖ ਲਈ ਧਾਰਮਿਕ ਅਸਥਾਨ ਕੇਵਲ ਗੁਰਦੁਆਰਾ ਹੀ ਹੈ, ਹੋਰ ਕੋਈ ਨਹੀਂ।
6. ਸਿੱਖ ਨੇ ਆਪਸ ਵਿਚ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਹੀ ਬੁਲਾਉਣੀ ਹੈ।
7. ਗੁਰਬਾਣੀ ਦੀਆਂ ਪੋਥੀਆਂ, ਗੁਟਕਿਆਂ ਆਦਿ ਨੂੰ ਰੁਮਾਲ ਵਿਚ ਲਪੇਟ ਕੇ ਸਤਿਕਾਰ ਨਾਲ ਰੱਖਣਾ ਹੈ ਤੇ ਜੂਠੇ ਹੱਥ ਨਹੀਂ ਲਾਉਣੇ।
8. ਸਿੱਖ ਨੇ ਸਦਾ ਆਪਣਾ ਨਾਮ 'ਸਿੰਘ' ਜਾਂ 'ਕੌਰ' ਸ਼ਬਦ ਸਮੇਤ ਪੂਰਾ ਲਿਖਣਾ ਹੈ। ਨਾਮ ਨਾਲ ਜ਼ਾਤ ਨਹੀਂ ਲਿਖਣੀ।
9. ਸਿੱਖ ਧਰਮ ਵਿਚ ਪ੍ਰਭੂ ਦੇ ਨਾਮ-ਸਿਮਰਨ ਨੂੰ ਹੀ 'ਸੱਚਾ ਤੀਰਥ' ਮੰਨਿਆ ਗਿਆ ਹੈ।
10. ਸਿੱਖ ਨੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣਾ ਹੈ, ਤਾਂ ਕਿ ਸਿੱਖ ਇਤਿਹਾਸ ਦੀ ਜਾਣਕਾਰੀ ਹੋ ਸਕੇ ਤੇ ਸਿੱਖ ਆਪਣੇ ਬਹੁ-ਮੁੱਲੇ ਵਿਰਸੇ ਤੋਂ ਜਾਣੂ ਹੋ ਸਕੇ।
11. ਸਿੱਖ ਨੇ ਕੁਸ਼ਤੀਆਂ, ਤੇ ਹੋਰ ਖੇਡਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਹੈ, ਪਰ ਗੰਦੀਆਂ ਫ਼ਿਲਮਾਂ ਅਤੇ ਗੰਦੇ ਨਾਟਕਾਂ, ਜਿਨ੍ਹਾਂ ਵਿਚ ਗੰਦੇ ਸੀਨ ਵਿਖਾਏ ਜਾਂਦੇ ਹਨ, ਤੋਂ ਪ੍ਰਹੇਜ਼ ਕਰਨਾ ਹੈ।
12. ਸਿੱਖ ਨੇ ਕਦੀ ਵੀ, ਕਿਸੇ ਕਿਸਮ ਦਾ ਨਸ਼ਾ (ਸ਼ਰਾਬ, ਭੰਗ, ਅਫ਼ੀਮ, ਚਰਸ, ਤੰਮਾਕੂ, ਸਿਗਰਟ, ਸਮੈਕ) ਆਦਿ ਨਹੀਂ ਵਰਤਣਾ।
13. ਸਿੱਖ ਲੜਕੀਆਂ ਲਈ ਨੱਕ, ਕੰਨ ਛੇਦਣਾ ਤੇ ਨੱਕ ਕੰਨ ਵਿਚ ਛੇਦਕ ਗਹਿਣੇ ਪਾਉਣੇ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾ ਹੈ।
14. ਸਿੱਖ ਇਸਤ੍ਰੀਆਂ ਲਈ ਘੁੰਡ ਕੱਢਣਾ ਸਿੱਖ ਧਰਮ ਵਿਚ ਮਨ੍ਹਾ ਹੈ।
15. ਸਿੱਖ ਮਰਦ ਜਾਂ ਇਸਤ੍ਰੀਆਂ ਲਈ ਨੰਗੇ ਸਿਰ ਬਜ਼ਾਰਾਂ ਵਿਚ ਘੁੰਮਣਾ ਅਤੇ ਨੰਗੇ ਸਿਰ ਰਹਿਣਾ ਮਨ੍ਹਾ ਹੈ। ਕੇਸਾਂ ਦੇ ਸਤਿਕਾਰ ਲਈ ਹਰ ਸਮੇਂ ਦਸਤਾਰ ਜਾਂ ਚੁੰਨੀ ਨਾਲ ਕੇਸ ਢੱਕ ਕੇ ਰੱਖਣੇ ਹਨ।
16. ਸਿੱਖ ਇਸਤ੍ਰੀਆਂ ਨੇ ਕਿਸੇ ਕਿਸਮ ਦਾ ਕੋਈ ਵਰਤ ਨਹੀਂ ਰੱਖਣਾ। ਕਰਵਾ ਚੌਥ, ਪੂਰਨਮਾਸ਼ੀ, ਮਸਿਆ ਆਦਿ ਦਾ ਵਰਤ ਰੱਖਣਾ ਨਿਰੋਲ ਮਨਮਤਿ ਹੈ।
17. ਸਿੱਖ ਨੇ ਕਦੀ ਸਰਾਧ ਨਹੀਂ ਕਰਨੇ ਅਤੇ ਨਾ ਹੀ ਸਰਾਧਾਂ ਵਿਚ ਹਿੱਸਾ ਲੈਣਾ ਹੈ।
18. ਸਿੱਖ ਵਾਸਤੇ ਸਾਰੇ ਦਿਨ ਹੀ ਚੰਗੇ ਹਨ। ਮਾੜੇ ਚੰਗੇ ਦਿਨਾਂ ਦੀ ਵੀਚਾਰ ਨਹੀਂ ਕਰਨੀ। ਸੰਗਰਾਂਦ, ਮਸਿਆ, ਪੂਰਨਮਾਸ਼ੀ ਆਦਿ ਦਿਨ ਕੋਈ ਖਾਸ ਪਵਿੱਤਰ ਨਹੀਂ, ਸਗੋਂ ਬਾਕੀ ਦੇ ਦਿਨਾਂ ਵਾਂਗ ਹੀ ਹਨ।


www.AKJ.Org

19. ਗੁਰਸਿੱਖ ਨੇ ਕਦੀ ਵੀ ਕਿਸੇ ਪੰਡਿਤ ਜਾਂ ਜੋਤਸ਼ੀ ਉਪਰ ਨਿਸ਼ਚਾ ਨਹੀਂ ਰੱਖਣਾ ਅਤੇ ਨਾ ਹੀ ਰਾਸ਼ੀ-ਫਲ ਦੇ ਚੱਕਰ ਵਿਚ ਪੈਣਾ ਹੈ। ਜਨਮ ਸਮੇਂ ਜਨਮ-ਕੁੰਡਲੀ ਨਹੀਂ ਬਣਵਾਉਣੀ ਤੇ ਵਿਆਹ ਸਮੇ ਸਾਹਾ ਨਹੀਂ ਕਢਵਾਉਣਾ।

20. ਸਿੱਖ ਨੇ ਕਿਸੇ ਮੂਰਤੀ ਦੀ ਪੂਜਾ ਨਹੀਂ ਕਰਨੀ। ਫ਼ੋਟੋ ਜਾਂ ਮੂਰਤੀ ਨੂੰ ਹਾਰ ਪਾਉਣੇ, ਧੂਪ ਦੇਣਾ, ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾ ਹੈ। ਗੁਰੂ ਸਾਹਿਬ ਦੀਆਂ ਪਰਚਲਤ ਤਸਵੀਰਾਂ ਅਸਲ ਤਸਵੀਰਾਂ ਨਹੀਂ ਹਨ ਤੇ ਨਾ ਹੀ ਗੁਰੂ ਸਾਹਿਬ ਦੀਆਂ ਫ਼ੋਟੋਆਂ ਜਾਂ ਤਸਵੀਰਾਂ ਜਾਂ ਮੂਰਤੀਆਂ ਬਣਾਉਣੀਆਂ ਹੀ ਚਾਹੀਦੀਆਂ ਹਨ।

21. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੀੜ੍ਹੇ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜਿਆਂ ਤੇ ਨੱਕ ਰਗੜਨਾ ਤੇ ਮੰਜੀ ਸਾਹਿਬ ਹੇਠਾਂ ਜਲ ਰੱਖਣਾ ਮਨਮਤਿ ਹੈ।

22. ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਸੰਗਤ ਵਿਚ ਗਦੇਲਾ ਲਾ ਕੇ ਬੈਠਣਾ ਮਨਮਤਿ ਹੈ।

23. ਕੀਰਤਨ ਕਰਨ ਸਮੇਂ ਗੁਰਬਾਣੀ ਤੋਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਮਨਮਤਿ ਹੈ।

24. ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਦੀ ਹੈ ਪਾਠ ਜਾਂ ਕੀਰਤਨ। ਅਖੰਡ ਪਾਠ ਜਾਂ ਸਹਿਜ ਪਾਠ ਦੇ ਨਾਲ ਉਸੇ ਅਸਥਾਨ ਤੇ ਕੀਰਤਨ ਕਥਾ ਲੈਕਚਰ ਦੇ ਪ੍ਰੋਗਰਾਮ ਕਰਨੇ ਮਨਮਤਿ ਹੈ।

25. ਅਖੰਡ ਪਾਠ ਜਾਂ ਸਹਿਜ ਪਾਠ ਆਪ ਕਰਨਾ ਚਾਹੀਦਾ ਹੈ। ਜੇ ਆਪ ਨਾ ਕਰ ਸਕਦੇ ਹੋਈਏ ਤਾਂ ਕਿਸੇ ਸਿਆਣੇ ਪਾਠੀ ਤੋਂ ਕੋਲ ਬੈਠ ਕੇ ਸੁਣਨਾ ਜ਼ਰੂਰ ਚਾਹੀਦਾ ਹੈ। ਇਹ ਨਾ ਹੋਵੇ ਕਿ ਇਕੱਲਾ ਪਾਠੀ ਬੈਠਾ ਪਾਠ ਕਰਦਾ ਰਹੇ ਅਤੇ ਅਸੀਂ ਹੋਰ ਹੋਰ ਕੰਮਾਂ ਵਿਚ ਲੱਗੇ ਰਹੀਏ।

26. ਕੜਾਹ ਪ੍ਰਸ਼ਾਦ ਅਤੇ ਲੰਗਰ ਛਕਣ ਸਮੇਂ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ।

27. ਸੰਗਤ ਵਿਚ ਕੜਾਹ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ, ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਖਰਾ ਵਰਤਾਉਣਾ ਚਾਹੀਦਾ ਹੈ। ਫਿਰ ਤਾਬਿਆ ਬੈਠੇ ਸਿੱਖ ਨੂੰ ਕੌਲ ਵਿਚ ਪਾ ਕੇ ਦੇਣਾ ਚਾਹੀਦਾ ਹੈ, ਤਾਂਕਿ ਇਹ ਸੇਵਾ ਤੋਂ ਵਿਹਲਾ ਹੋ ਕੇ ਛਕ ਸਕੇ। ਫਿਰ ਸੰਗਤ ਨੂੰ ਵਰਤਾਉਣਾ ਚਾਹੀਦਾ ਹੈ।

28. ਅਰਦਾਸ ਹੋਣ ਸਮੇਂ ਸੰਗਤ ਵਿਚ ਸਾਰੇ ਇਸਤ੍ਰੀ ਪੁਰਸ਼ਾ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ।

29. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਹੁਕਮਾਂ ਨੂੰ ਮੰਨਣਾ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਤੇ ਸਭ ਤੋਂ ਵਧ ਸਤਿਕਾਰ ਹੈ।

30. ਸਿਖ ਵਾਸਤੇ ਹੁਕਮ ਹੈ ਕਿ ਹਰ ਕਾਰਜ ਦੀ ਅਰੰਭਤਾ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

[ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ]


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਜੇਲ੍ਹ ਚਿੱਠੀਆਂ ੩੫-੦੦ ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੮੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੨-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੫-੦੦ |

# ਗੁਰ ਸ਼ਬਦ ਕਾ ਅਤੁੱਟ ਲੰਗਰ

[ਭਾਈ ਅਮਰੀਕ ਸਿੰਘ ਜੀ, ਬਰਨਾਲਾ, ਅੰਬਾਲਾ]

ਹਉਂ ਭਇਆ ਵਿਆਕੁਲ ਰਹਿਆ ਤਰਸ, ਤੱਤ ਵਸਤੂ ਭੀ ਕੋਈ ਵਰਤਾਵੈ ।
ਜਿਸ ਅਮਿਉ ਰਸ ਕੀ ਤਿਖ ਹੈ ਲਗੀ, ਹੋਇ ਫਹਾਰ ਤ੍ਰਿਪਤ ਅਘਾਵੈ ।
ਅੰਨ ਪਾਣੀ ਕਾ ਜਿਉਂ ਲੰਗਰ ਚਲੇ, ਅਮਿਉ ਰਸ ਭੀ ਕੋਈ ਵਰਤਾਵੈ ।
ਗੁਰ-ਸ਼ਬਦ ਕਾ ਹੀ ਅਹਾਰ ਬਣੇ, ਗੁਰਬਾਣੀ ਹੀ ਆਧਾਰ ਬਣਾਵੈ ।
ਹੇ ਪ੍ਰਿਅ ਜਨੋ ਮਿਲ ਉਦਮ ਕਰਹੁ, ਐਸੀ ਬਿਧ ਜਿਸ ਤੇ ਬਣ ਆਵੈ ।
ਆਇ ਮਿਲ ਬੈਸ ਬੀਚਾਰ ਕਰਹੁ, ਕਿਸ ਮੰਤਵ ਕਉ ਗੁਰਦੁਆਰੇ ਜਾਵੈ ।
ਗੁਰਮਤਿ ਰੀਤ ਸਤਿਗੁਰੂ ਚਲਾਈ, ਗੁਰਦੁਆਰੈ ਹੋਇ ਸੋਝੀ ਪਾਵੈ ।
ਅੰਨ ਪਾਣੀ ਲੰਗਰ ਜੁ ਚਲਤੇ, ਤਿਨ ਛਕ ਤਨ ਕੀ ਭੁਖ ਮਿਟਾਵੈ ।
ਮਨ ਮੋਹਿ ਤਿਖ ਹੈ ਲਗੀ ਜਿਸ ਕੀ, ਤਿਸਹਿ ਨ ਬੂਝਹਿ ਅਨ-ਰਸ ਲਪਟਾਵਹਿ ।

ਮਨ ਮਹਿ ਉਪਜੇ ਰੋਗ ਘਣੇ, ਆਧ ਬਿਆਧ ਉਪਾਧ ਤੇ ਕੈਸੇ ਬਚ ਪਾਵਹਿ ।
ਆਉ ਸਭ ਮਿਲ ਜਤਨ ਕਰਹਿ, ਹੁਇ ਸਾਵਧਾਨ ਗੁਰੂ ਪਹਿ ਜਾਵਹਿ ।
ਪੂਰਾ ਸਤਿਗੁਰ ਜਿਉਂ ਫੁਰਮਾਵੈ, ਆਉ ਤਿਵ ਹੀ ਕਾਰ ਕ੍ਰਮਾਵਹਿ ।
ਅੰਮ੍ਰਿਤ ਬਾਣੀ ਅਮਿਉ ਸ਼ਬਦ ਕੇ, ਜਾਇ ਉਹਾਂ ਲੰਗਰ ਚਲਾਵਹਿ ।
ਮਨ ਮਹਿ ਤਿਖ ਜੁ ਲਗੀ ਬਹੁਤੀ, ਤਿਸੁ ਛਕ ਹਮ ਸਭ ਤ੍ਰਿਪਤ ਅਘਾਵਹਿ ।
ਸਚਾ ਸ੍ਰੋਤਾ-ਵਕਤਾ ਜੁ, ਨਿਮਨ ਵਰਣਿਤ ਦੈਵੀ ਗੁਣ ਧਾਰੈ :
ਗੁਰ-ਦੀਖਿਆ ਲੈ ਗੁਰ ਤੇ, ਪ੍ਰਥਮੇ ਖੰਡੇ ਕੀ ਪਾਹੁਲ ਪਾਵੈ ।
'ਗੁਰ' 'ਗੁਰ' ਨਿਤ ਅਲਾਏ, ਗੁਰਬਾਣੀ ਪੜ੍ਹੈ ਅਰ ਰਿਦੈ ਬਸਾਵੈ ।
ਪੰਚ ਚੋਰ ਕਉ ਪਰਹਰੈ, ਸਤ ਸੰਤੋਖ ਦਇਆ ਮਨ ਧਾਰੈ ।
ਮਨ ਨ ਦੁਖਾਏ ਜੀਅ ਕਿਸੀ ਕਾ, ਪਰਉਪਕਾਰ ਕਉ ਸਦ ਹੀ ਧਾਵੈ ।
ਮਨ ਕੀ ਮਤਿ ਤਿਆਗੈ ਸੋ ਜਨ, ਗੁਰ ਕਹੈ ਸੋਈ ਕਾਰ ਕਮਾਵੈ ।
ਪਰ-ਤਨ ਪਰ-ਧਨ ਕਉ ਨਾ ਧਾਵੈ, ਬਣ ਭੇਖੀ ਨ ਕਪਟ ਕਮਾਵੈ ।
ਕਿਰਤ ਵਿਰਤ ਜੁ ਕਰੈ ਧਰਮ ਕੀ, ਠੱਗੀ ਫ਼ਰੇਬ ਨ ਤਿਸ ਮਹਿ ਲਿਆਵੈ ।
ਜੀਅਹੁ ਬਾਹਰਹੁ ਨਿਰਮਲ ਹੋਇ, ਸਤਿਗੁਰ ਕਉ ਸਦ ਭਾਵੈ ।
ਸਚਿਆਰ ਸਿਖ ਹੋਇ ਮਨ ਨੀਵਾਂ, ਕਰ ਨਿਮਰ ਹੀ ਬਚਨ ਅਲਾਵੈ ।
ਸ੍ਰੀ ਸਤਿਗੁਰ ਕਉ ਪਰਤੱਖ ਕਰ ਜਾਨੈ, ਭੈ-ਭਾਵਨੀ ਕਰ ਸੀਸ ਝੁਕਾਵੈ ।
ਸਤਸੰਗਤਿ ਮਹਿ ਜਾਇ ਬਹੈ, ਚਰਨ ਕਮਲ ਸਿਉਂ ਲਿਵ ਲਾਵੈ ।
ਗੁਰਮਤਿ ਦਾਇਰੇ ਤਕ ਰਹੈ ਸੀਮਤ, ਦਾਸਨ ਦਾਸ ਹੋਇ ਗੁਰ ਭਾਵੈ ।

---


# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟ੍ਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਡਾ: ਸਾ: ਰਣਧੀਰ ਸਿੰਘ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ । ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ । ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ । ਭੇਟਾ ਕੇਵਲ ੧-੫੦




www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ

[ਮਾਤਾ ਹਰਬੰਸ ਕੌਰ ਜੀ, ਸਰਦਾਰਨੀ ਸ਼ਹੀਦ ਨਾਨਕ ਸਿੰਘ ਜੀ ਐਡਵੋਕੇਟ, ਸਾਊਥਾਲ ਯੂ. ਕੇ.]

ਬਜ਼ੁਰਗ ਮਾਤਾ ਹਰਬੰਸ ਕੌਰ ਜੀ ਪੰਥ ਦੀ ਸੇਵਾ ਨਿਭਾਣ ਵਾਲੀਆਂ ਪੁਰਾਤਨ ਸਿੰਘਣੀਆਂ ਵਿਚੋਂ ਹਨ, ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਵੇਲੇ ਸ਼ਰਧਾ-ਭਾਵਨੀ ਨਾਲ ਕੀਰਤਨ-ਸਮਾਗਮ ਵਿਚ ਹਾਜ਼ਰੀਆਂ ਭਰਦੇ ਰਹੇ ਹਨ। ਉਹ 'ਸੂਰਾ' ਮਾਸਕ ਪੱਤਰ ਨੂੰ ਅਰੰਭ ਤੋਂ ਅਜ ਤਕ ਪੜ੍ਹਦੇ ਆ ਰਹੇ ਹਨ। ਆਪ ਜੀ ਨੇ ਭਾਈ ਸਾਹਿਬ ਬਾਰੇ ਆਪਣੇ ਪਿਆਰ-ਵਲਵਲੇ ਹੇਠ ਲਿਖੀ ਕਵਿਤਾ ਵਿਚ ਦੇਂਦਿਆਂ ਲਿਖਿਆ ਹੈ— "ਸੂਰਾ ਵਿਚ ਕਾਫ਼ੀ ਧਾਰਮਿਕ ਵਿਚਾਰਾਂ ਹੁੰਦੀਆਂ ਹਨ, ਮਨ ਨੂੰ ਪ੍ਰੇਰਨਾ ਮਿਲਦੀ ਹੈ, ਬਲਕਿ ਇਹ ਰੂਹਾਨੀਅਤ ਖ਼ੁਰਾਕ ਹੈ। ਅੱਜ ਕਲ੍ਹ ਦੇ ਜ਼ਮਾਨੇ ਵਿਚ ਮਨ ਦੀ ਸ਼ਾਂਤੀ ਕੇਵਲ ਇਹੋ ਜਿਹੇ ਰਸਾਲੇ ਹੀ ਹੋ ਸੱਕਦੇ ਹਨ।"

ਭਾਈ ਸਾਹਿਬ ਰਣਧੀਰ ਸਿੰਘ ਜੀ, ਸੁੱਚਾ ਸੱਚਾ ਬਚਨ ਦਾ ਪੂਰਾ।
ਅੰਮ੍ਰਿਤ-ਰੰਗ ਚਲੂਲੇ ਰਾਤੀ, ਖਾਂਦੇ ਭੋਜਨ ਚੂਰਾ।
ਤਿਨ੍ਹਾਂ ਦੀਆਂ ਜੀਵਨ-ਝੱਲਕਾਂ ਦੱਸੇ, ਜਿਹੜਾ ਮਾਸਿਕ ਸੂਰਾ।
ਅੱਠੇ ਪਹਿਰ ਨਾਮ ਨਾਲ ਜੁੜਦੇ, ਚੜ੍ਹਿਆ ਰਹੇ ਸਰੂਰਾ।
ਸੱਚਾ ਵਣਜ ਤਿਨ੍ਹਾਂ ਨੇ ਕੀਤਾ, ਬਾਕੀ ਦੁਨੀਆ ਕੂੜਾ।
ਜਦੋਂ ਦਰਸ ਉਨ੍ਹਾਂ ਦੇ ਕੀਤੇ, ਚੇਹਰਾ ਰੱਬੀ ਨੂਰਾ।
ਜੋ ਦਰ ਰਹੇ ਸੋ ਉਭਰਨ ਭਾਈ, ਰਹਿੰਦੇ ਸਦਾ ਹਜ਼ੂਰਾ।
ਜਾ ਪਹੁੰਚੇ ਸਚਖੰਡੀ ਅੰਦਰ, ਜਿਥੈ ਗ਼ਨੀ ਮਾਮਰਾ।
"ਈਹਾ ਖਾਟਿ ਚਲਹੁ ਹਰਿ ਲਾਹਾ" ਆਗੇ ਤਿਨ੍ਹਾਂ ਨਾ ਝੂਰਾ।
ਰੈਣ ਸਬਾਈਆਂ ਕਰ ਪ੍ਰਚਲਤ, ਹਰਿ-ਕੀਰਤਨ ਗਹਿਣ ਗਹਨੂਰਾ।
"ਕਹੁ ਕਬੀਰ ਗੂੰਗੈ ਗੁੜੁ ਖਾਇਆ" ਮਿਠੇ ਖੰਡ ਖਜੂਰਾ।
ਗੁਰ ਕਾ ਬਚਨ ਨਿਬਾਹਿਆ ਅੰਤੀ, ਜੋ ਸਤਿਗੁਰ ਦਸਤੂਰਾ।
"ਬੰਸ" ਨਿਮਾਣੀ ਦਾਨ ਇਹ ਮਾਂਗੇ, ਬਾਛਹੁ ਚਰਨਨ ਧੂਰਾ।

# ਮਿਹਰਾਂ ਦਾ ਮੀਂਹ ਵਰਸਾ ਦਿਓ ਦਾਤਾ

[ਸ: ਸੁਰਜੀਤ ਸਿੰਘ 'ਸਾਜਨ' ੬੨੯-ਈ,ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ]

ਮੈਨੂੰ ਸ਼ਾਂਤ-ਚਿੱਤ ਬਿਰਤੀ ਵਾਲਾ, ਮਨੁੱਖ ਬਣਾ ਦਿਓ ਦਾਤਾ।
ਮੇਰੇ ਹਿਰਦੇ 'ਚਿ ਸਬਰ ਤੇ ਸ਼ੁਕਰ ਵਸਾ ਦਿਓ ਦਾਤਾ।
ਮਾਇਆ ਨਾਗਨੀ ਹੈ, ਰਹਿ ਰਹਿ ਕੇ ਡੰਗ ਚਲਾਉਂਦੀ ਹੈ,
ਇਸ ਵਿਹੁਲੀ ਨਾਗਨ ਦੇ ਡੰਗ ਤੋਂ, ਬਚਾ ਦਿਓ ਦਾਤਾ।
ਬੜਾ ਸਮਝਾਇਆ ਹੈ ਪਰ, ਇਹ ਪਾਪੀ ਮਨ ਨਹੀਂ ਮੁੜਿਆ,
ਇਸਨੂੰ ਸੋਝੀ ਪਵੇ, ਕੋਈ ਅਗੰਮੀ ਬਾਣ ਚਲਾ ਦਿਓ ਦਾਤਾ।
ਲੋਭੀ ਹੋ ਕੇ, ਧਨ ਪਦਾਰਥਾਂ ਦੇ ਪਿੱਛੇ ਭੱਜਦਾ ਫਿਰਾਂ,
ਮਿਹਰ ਕਰ ਕਿ ਹੇ ਮਿਹਰਬਾਨ, ਤ੍ਰਿਸ਼ਨਾ ਮੁਕਾਅ ਦਿਓ ਦਾਤਾ।
ਇਕ ਚੋਰ ਹੀ ਘਰ ਨੂੰ ਲੁੱਟ ਕੇ ਸਫਾਈ ਕਰ ਜਾਵੇ,
ਪੰਜ ਚੋਰ ਮੇਰੇ ਦੁਸ਼ਮਨ ਨੇ, ਮੈਨੂੰ ਜਗਾ ਦਿਓ ਦਾਤਾ।
"ਸਾਜਨ" ਤੇਰੀ ਕਿਰਪਾ ਸਦਕਾ, ਤੇਰੇ ਨਾਮ ਨਾਲ ਜੁੜਿਆ ਰਹਾਂ,
ਮਿਹਰ ਘਰ ਆ, ਮਿਹਰਾਂ ਦਾ ਮੀਂਹ ਵਰਸਾ ਦਿਓ ਦਾਤਾ।


www.AKJ.Org

# ਏਕਤਾ ਦੀ ਕੁੰਜੀ ਸੁਹਿਰਦਤਾ

ਪੰਥਕ ਏਕਤਾ ਬਹੁਤ ਉਤਮ ਗੱਲ ਹੈ। ਇਸ ਨਾਜ਼ਕ ਦੌਰ ਵਿਚ ਇਹ ਅਤਿ-ਲੋੜੀਂਦੀ ਭਾਵਨਾ ਹੈ। ਇਸ ਆਸ਼ੇ ਨੂੰ ਮੁਖ ਰਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪਿਛੇ ਜਿਹੇ ਕੁਝ ਸਮੇਂ ਤੋਂ ਉਦਮ ਅਰੰਭਿਆ ਹੋਇਆ ਹੈ। ਅਖੰਡ ਕੀਰਤਨੀ ਜਥਾ ਇਸ ਸ਼ੁਭ ਉਦਮ ਦੀ ਪੂਰਤੀ ਲਈ ਲੋੜੀਂਦਾ ਸਹਿਯੋਗ ਦੇਂਦਾ ਆ ਰਿਹਾ ਹੈ। ਇਸੇ ਸੰਬੰਧ ਵਿਚ ਜਥੇ ਵਲੋਂ ਇਕ ਸਪੱਸ਼ਟੀਕਰਨ ਅਕਤੂਬਰ ੯੩ ਦੇ 'ਸੂਰਾ' ਵਿਚ "ਸੰਪ੍ਰਦਾਇਕ ਰੁਚੀਆਂ ਪੰਥਕ ਏਕਤਾ ਲਈ ਖ਼ਤਰਾ" ਸਿਰਲੇਖ ਹੇਠ ਦਿਤਾ ਗਿਆ ਸੀ।

ਪੰਥਕ ਏਕਤਾ ਲਈ ਪਰਸਪਰ ਸੁਹਿਰਦਤਾ ਮੁਢਲੀ ਸ਼ਰਤ ਹੈ। ਸੁਹਿਰਦਤਾ ਦੀ ਭਾਵਨਾ ਤੋਂ ਹੀਣੀ ਕੋਈ ਵੀ ਏਕਤਾ ਨਿਰਾ ਢਕਵੰਜ ਹੁੰਦੀ ਹੈ।

ਪਿਛਲੇ ਮਹੀਨੇ ੨੮.੧੦.੯੩ ਨੂੰ ਗੁਰਦਵਾਰਾ ਸ਼ਹੀਦਗੰਜ ਬੀ-ਬਲਾਕ ਅੰਮ੍ਰਿਤਸਰ ਵਿਖੇ ਕੀਰਤਨ-ਸਮਾਗਮ ਮਗਰੋਂ ਦੋਹਾਂ ਜਥੇਬੰਦੀਆਂ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੀ ਅਖੌਤੀ ਸਿਧਾਂਤਕ ਏਕਤਾ ਦੀਆਂ ਸਾਈਕਲੋ-ਸਟਾਈਲ ਕੀਤੀਆਂ ਕਾਪੀਆਂ ਸੰਗਤ ਵਿਚ ਵੰਡੀਆਂ ਗਈਆਂ। ਇਸ ਵਿਚ ਕਿਸੇ ਸਿਧਾਂਤਕ ਏਕਤਾ ਦਾ ਕੋਈ ਸੰਕੇਤ ਨਹੀਂ ਹੈ। ਇਹ ਸਮਝੌਤਾ ਜਥੇ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਅਤੇ ਜ਼ਿਮੇਵਾਰੀਆਂ ਨਿਭਾਂਦੇ ਆ ਰਹੇ ਪੁਰਾਤਨ ਗੁਰਸਿੱਖਾਂ ਨੂੰ ਵਿਸ਼ਵਾਸ ਵਿਚ ਲਏ ਬਗ਼ੈਰ ਪਤਾ ਨਹੀਂ ਕਿਉਂ ਅੰਦਰਖਾਤੇ ਚੁਪ-ਚੁਪਾਤੇ ਕੀਤਾ ਗਿਆ।

ਇਸ ਅਖੌਤੀ ਸਿਧਾਂਤਕ ਏਕਤਾ ਬਾਰੇ ਵਿਚਾਰ ਕਰਨ ਲਈ ਜਥੇ ਦੇ ਸਲਾਹਕਾਰ ਬੋਰਡ ਦੀ ਮੀਟਿੰਗ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਪ੍ਰਧਾਨਗੀ ਵਿਚ ੨.੧੧.੯੩ ਨੂੰ ਹੋਈ। ਮੀਤ ਜਥੇਦਾਰ ਭਾਈ ਬਲਦੇਵ ਸਿੰਘ ਜੀ ਕਿਸੇ ਕਾਰਨ ਮੀਟਿੰਗ ਵਿਚ ਨਾ ਆਏ। ਮੀਟਿੰਗ ਵਿਚ ਸਰਬ-ਸੰਮਤੀ ਨਾਲ ਪਾਸ ਹੋਇਆ ਇਕ 'ਪ੍ਰੈਸ ਨੋਟ' ਜਥੇਦਾਰ ਸਾਹਿਬ ਦੇ ਦਸਖ਼ਤਾਂ ਹੇਠ ਜਾਰੀ ਕੀਤਾ ਗਿਆ। ਧਿਆਨ ਗੋਚਰੀ ਗੱਲ ਇਹ ਹੈ ਕਿ ਇਸ ਪ੍ਰੈਸ ਨੋਟ ਵਿਚ ਜਥੇਦਾਰ ਸਾਹਿਬ ਨੇ ਸਪੱਸ਼ਟ ਕੀਤਾ ਕਿ ਇਕ ਵਿਸ਼ੇਸ਼ ਵਿਅਕਤੀ ਨੇ ਉਨ੍ਹਾਂ ਨੂੰ ਅਸਲੀ ਸਥਿਤੀ ਤੋਂ ਅੰਨ੍ਹੇਰੇ ਵਿਚ ਰਖ ਕੇ ਉਪ੍ਰੋਕਤ ਸਮਝੌਤੇ ਦੀ ਪਰਵਾਨਗੀ ਲੈ ਲਈ ਸੀ। ਪਰ ਅਗਲੇ ਦਿਨ ੩-੧੧-੯੩ ਨੂੰ ਜਦੋਂ ਉਪਰੋਕਤ ਪ੍ਰੈਸ-ਨੋਟ ਅਖ਼ਬਾਰਾਂ ਵਿਚ ਛਪਿਆ ਤਾਂ ਜਥੇਦਾਰ ਭਾਈ ਸਾਹਿਬ ਰਾਮ ਸਿੰਘ ਜੀ ਵਲੋਂ ਅਸਤੀਫੇ ਦੀ ਖ਼ਬਰ ਵੀ ਨਾਲ ਹੀ ਛਪੀ ਵੇਖੀ ਗਈ, ਜੋ ਜਥੇ ਲਈ ਨਮੋਸ਼ੀ ਅਤੇ ਚਿੰਤਾ ਦਾ ਕਾਰਨ ਬਣੀ।

੩-੧੧-੯੩ ਦੁਪਹਿਰ ਨੂੰ ਅੰਮ੍ਰਿਤਸਰ ਵਿਚ ਹਾਜ਼ਰ ਸਲਾਹਕਾਰ ਬੋਰਡ ਦੇ ਮੈਂਬਰ, ਜਥੇ ਦੇ ਕੁਝ ਹੋਰ ਹਿਤੈਸ਼ੀ ਸਿੰਘ ਅਤੇ ਜਲੰਧਰ ਤੋਂ ਬੀਬੀ ਹਰਸ਼ਰਨ ਕੌਰ ਤੇ ਕਰਨਲ ਦਲਜੀਤ ਸਿੰਘ ਜੀ ਮਿਲ ਕੇ ਜਥੇਦਾਰ ਸਾਹਿਬ ਦੇ ਨਿਵਾਸ-ਅਸਥਾਨ ਤੇ ਪੁਜੇ ਅਤੇ ਅਸਤੀਫ਼ਾ ਵਾਪਸ ਲੈਣ ਲਈ ਬੇਨਤੀ ਕੀਤੀ। ਇਸ ਇਕੱਤਰਤਾ ਵਿਚ ਭਾਈ ਬਲਦੇਵ ਸਿੰਘ ਜੀ ਵੀ ਸ਼ਾਮਲ ਹੋਏ। ਪੰਜ ਘੰਟੇ ਦੇ ਦੀਰਘ ਵੀਚਾਰ-ਵਟਾਂਦਰੇ ਪਿਛੋਂ ਤਿਆਰ ਹੋਇਆ ਪ੍ਰੈਸ-ਨੋਟ ਜਥੇਦਾਰ ਸਾਹਿਬ ਦੇ ਦਸਖ਼ਤਾਂ ਹੇਠ ਪ੍ਰੈਸ ਨੂੰ ਦੇ ਦਿਤਾ ਗਿਆ।

ਉਪ੍ਰੋਕਤ ਵਰਣਿਤ ਘਟਨਾ-ਚਕਰ ਸੰਬੰਧੀ ਪ੍ਰੈਸ ਵਿਚ ਕਈ ਤਰ੍ਹਾਂ ਦੀਆਂ ਸੁਰਖ਼ੀਆਂ ਹੇਠ ਛਪੀਆਂ ਖ਼ਬਰਾਂ ਕਾਰਨ ਅਖੰਡ ਕੀਰਤਨੀ ਜਥੇ ਦੀ ਸਥਿਤੀ ਬਹੁਤ ਹਾਸੋ-ਹੀਣੀ ਹੋ ਗਈ। ਇਸ ਤਰਸ-ਜੋਗ ਸਥਿਤੀ 'ਚੋਂ ਕਢਣ ਲਈ ਜਥੇ ਦੇ ਪੁਰਾਤਨ ਪੰਜ ਗੁਰਸਿੱਖਾਂ—ਭਾਈ ਬਲਬੀਰ ਸਿੰਘ ਜੀ ਤੇ ਭਾਈ ਤਾਰਾ ਸਿੰਘ ਜੀ ਲੁਧਿਆਣਾ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਹਰਚਰਨ ਸਿੰਘ ਜੀ ਅੰਬਾਲਾ ਛਾ: ਅਤੇ ਭਾਈ ਜੋਧ ਸਿੰਘ ਜੀ ਦਿੱਲੀ—ਵਲੋਂ ਜ਼ਿਲਿਆਂ ਦੇ ਪ੍ਰਤੀਨਿਧ ਗੁਰਸਿੱਖਾਂ ਦੀ ਮੀਟਿੰਗ ੫-੧੨-੯੩ ਨੂੰ 'ਸੂਰਾ' ਦਫ਼ਤਰ ਵਿਚ ਬੁਲਾਈ ਗਈ, ਤਾਂ ਜੁ ਜਥੇ ਨੂੰ ਇਸ ਗੁੰਝਲਦਾਰ ਸਮੱਸਿਆ 'ਚੋਂ ਕਢਣ ਲਈ ਕੋਈ ਯੋਗ ਹੱਲ ਲਭਿਆ ਜਾਏ, ਜਿਸ ਨਾਲ ਇਹ ਪ੍ਰੇਮ-ਫੁਲਵਾੜੀ ਇਸ ਪ੍ਰੇਸ਼ਾਨੀ ਵਾਲੀ ਦਸ਼ਾ ਵਿਚੋਂ ਨਿਕਲ ਕੇ, ਮੁੜ ਪਹਿਲਾਂ ਵਾਂਗ ਨਾਮ ਬਾਣੀ ਤੇ ਕੀਰਤਨ


www.AKJ.Org

ਨਾਲ ਜੁੜਨ ਲਈ ਇਕ-ਸੁਰ ਹੋ ਜਾਵੇ ।

'ਸੂਰਾ' ਦੇ ਸਮੂਹ ਪਾਠਕਾਂ ਅਤੇ ਅਖੰਡ ਕੀਰਤਨੀ ਜਥਿਆਂ ਦੇ ਸਮੂਹ ਵੀਰਾਂ ਭੈਣਾਂ ਨੂੰ ਸਹੀ ਸਥਿਤੀ ਤੋਂ ਜਾਣੂ ਕਰਨ ਲਈ ਅਸੀਂ 'ਸਿਧਾਂਤਕ ਏਕਤਾ ਦਾ ਐਲਾਨ' (ਅੰਤਕਾ 'ੳ') ੨-੧੧-੯੩ ਨੂੰ ਹੋਈ ਮੀਟਿੰਗ ਦਾ ਪ੍ਰੈਸ ਨੋਟ (ਅੰਤਕਾ 'ਅ') ਅਤੇ ੩-੧੧-੯੩ ਨੂੰ ਜਥੇਦਾਰ ਸਾਹਿਬ ਦੇ ਅਸਤੀਫ਼ੇ ਨੂੰ ਵਿਚਾਰਨ ਵਾਲੀ ਮੀਟਿੰਗ ਦਾ ਪ੍ਰੈਸ ਨੋਟ (ਅੰਤਕਾ 'ੲ') ਅਤੇ ੫-੧੨-੯੩ ਦੀ ਮੀਟਿੰਗ ਮਗਰੋਂ ਜਾਰੀ ਕੀਤਾ ਪ੍ਰੈਸ-ਨੋਟ ਅੰਤਕਾ 'ਸ' ਹੂ ਬਹੂ ਛਾਪ ਰਹੇ ਹਾਂ । ਤਾਂ ਜੁ ਪਾਠਕ ਸਹੀ ਸਥਿਤੀ ਤੋਂ ਜਾਣੂ ਹੋ ਸਕਣ ਅਤੇ ਕਈ ਤਰ੍ਹਾਂ ਦੇ ਪਾਏ ਜਾ ਰਹੇ ਭੁਲੇਖਿਆਂ ਤੋਂ ਬਚ ਸਕਣ ।

—ਸੰਪਾਦਕ

੧ ੳ ਸਤਿਗੁਰ ਪ੍ਰਸਾਦਿ ॥

(ਅੰਤਕਾ–ੳ)

ਸਰਵ ਉਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰੇਰਨਾ ਲੈਂਦਿਆਂ ਦਮਦਮੀ ਟਕਸਾਲ ਅਤੇ
ਅਖੰਡ ਕੀਰਤਨੀ ਜਥੇ ਵਲੋਂ

## ਸਿਧਾਂਤਕ ਏਕਤਾ ਦਾ ਐਲਾਨ

ਗੁਰੂ ਪੰਥ ਖਾਲਸੇ ਦੀ ਫੁਲਵਾੜੀ ਜਿਵੇਂ ਜਿਵੇਂ ਪਰਫੁਲਤ ਹੁੰਦੀ ਗਈ ਉਵੇਂ ਉਵੇਂ ਕਲਗੀਧਰ ਪਾਤਸ਼ਾਹ ਦੇ ਆਸ਼ੇ ਨੂੰ ਹਰ ਨਾਨਕ ਨਾਮ ਲੇਵਾ ਤੱਕ ਪਹੁੰਚਾਉਣ ਲਈ ਨਾਮ ਬਾਣੀ ਨਾਲ ਭਿੱਜੀਆਂ ਰੂਹਾਂ ਪਰਗਟ ਹੁੰਦੀਆਂ ਰਹੀਆਂ । ਧੁਰੋਂ ਧੁਰੰਤਰੀ ਉਪਜੀਆਂ ਗੁਰਮੁਖੀ ਸ਼ਕਤੀਆਂ ਨੇ ਅੰਮ੍ਰਿਤ ਬਾਣੀ ਦਾ ਪਰਚਾਰ ਕਥਾ ਅਤੇ ਕੀਰਤਨ ਰਾਹੀਂ ਅਰੰਭਿਆ । ਆਤਮਿਕ ਤੌਰ ਤੇ ਬਲਵਾਨ ਪ੍ਰੇਮੀਆਂ ਦੇ ਨਾਲ ਜੁੜੇ ਸੁਨੇਹੀਆਂ ਦੀਆਂ ਪ੍ਰੀਤ ਗੰਢਾਂ ਐਸੀਆਂ ਪੀਡੀਆਂ ਪਈਆਂ ਕਿ ਉਹ ਪ੍ਰੀਤ ਅਖਾੜੇ ਇਕ ਸੰਪਰਦਾਵਾਂ ਦੇ ਰੂਪ ਵਿਚ ਹੋ ਉਭਰੇ । ਸੰਪਰਦਾਇਕੀ ਵੀਰਾਂ ਨੇ ਗੁਰੂ ਦੇ ਆਸ਼ੇ ਅਧੀਨ ਅੱਜ ਤੱਕ ਸਿੱਖੀ ਦਾ ਪ੍ਰਚਾਰ ਅਰੰਭਿਆ ਹੋਇਆ ਹੈ । ਗੁਰੂ ਨਾਨਕ ਨਾਮ ਲੇਵਾ ਹਰ ਸੰਪਰਦਾ ਦਾ ਸੰਵਿਧਾਨ ਨਿਸ਼ਾਨ ਅਤੇ ਪ੍ਰਧਾਨ ਇਕ ਹੈ । ਗੁਰੂ ਇਕ, ਨਿਸ਼ਾਨਾ ਇਕ; ਨਾਮ ਇਕ । ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਅਤੇ ਵਾਸੀ ਸ੍ਰੀ ਆਨੰਦਪੁਰ ਸਾਹਿਬ ਇਕ, ਪੰਥ ਦੀ ਇਸ ਫੁਲਵਾੜੀ ਵਿਚ ਦੋ ਸੰਪਰਦਾਵਾਂ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਇਕ ਗੁਲਾਬ ਦੇ ਫੁੱਲ ਵਾਂਗ ਹਨ । ਇਹ ਦੋਵੇਂ ਜਥੇਬੰਦੀਆਂ ਨਿਰੋਲ ਧਾਰਮਿਕ ਹਨ ਅਤੇ ਇਹਨਾਂ ਦਾ ਨਿਸ਼ਾਨਾ ਨਾਮ ਬਾਣੀ ਦਾ ਪ੍ਰਚਾਰ ਕਥਾ ਕੀਰਤਨ ਰਾਹੀਂ ਕਰਨਾ ਹੈ । ਜਿਥੇ ਦਮਦਮੀ ਟਕਸਾਲ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਲੈ ਕੇ ਬੜੇ ਬੜੇ ਵਿਦਵਾਨ ਕਥਾਕਾਰ ਪੈਦਾ ਕੀਤੇ ਹਨ ਅਤੇ ਸਿਖੀ ਦੇ ਪ੍ਰਚਾਰ ਅਤੇ ਹਰ ਪੰਥਕ ਕਾਰਜ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ, ਉਥੇ ਅਖੰਡ ਕੀਰਤਨੀ ਜੱਥੇ ਦੇ ਕੀਰਤਨੀ ਸਿੰਘ ਪੂਰੀ ਪੂਰੀ ਰਾਤ ਕੀਰਤਨ ਦੀਆਂ ਗੁੰਜਾਰਾਂ ਨਾਲ ਅੰਮ੍ਰਿਤ ਲਈ ਲੋਚਦੀਆਂ ਰੂਹਾਂ ਨੂੰ ਹਲੂਣਾ ਦੇ ਕੇ ਸਿੱਖੀ ਵਿਚ ਸ਼ਾਮਲ ਕਰਦੇ ਆ ਰਹੇ ਹਨ । ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੀ ਇਹ ਸਾਂਝ ਪੁਰਾਤਨ ਹੀ ਹੈ । ਸੁਣਿਆ ਅਤੇ ਪੇਖਿਆ ਹੈ ਕਿ ਕਈ ਵੇਰਾਂ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਕੋ ਹੀ ਸਟੇਜ ਤੋਂ ਸੰਗਤਾਂ ਦੇ ਸਨਮੁੱਖ ਹੋਏ ਅਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਵਾਜਿਆ । ਸੰਤ ਕਰਤਾਰ ਸਿੰਘ ਜੀ ਖਾਲਸਾ ਜੀ ਵੇਲੇ ਅਖੰਡ ਕੀਰਤਨੀ ਜਥਾ ਅਤੇ ਟਕਸਾਲ ਵਿਚ ਬੜੀ ਨੇੜਤਾ ਸੀ । ਸੰਤ ਗੁਰਬਚਨ ਸਿੰਘ ਜੀ ਖਾਲਸਾ ਦੀ ਬਰਸੀ ਤੇ ਅਖੰਡ ਕੀਰਤਨੀ ਜਥੇ ਵੱਲੋਂ ਸੰਤਾਂ ਦੀ ਪਵਿੱਤਰ ਯਾਦ ਵਿਚ ਖੂਬ ਕੀਰਤਨ ਅਖਾੜੇ ਸੱਜਣੇ ਅਤੇ ਪੂਰੀ ਪੂਰੀ ਰਾਤ ਕੀਰਤਨ ਰਾਹੀਂ ਸੰਤ ਜੀ ਦੀ ਆਤਮਕ ਚੜ੍ਹਦੀ ਕਲਾ ਲਈ ਗੁਰਬਾਣੀ ਰੂਪ ਲੋਰੀਆਂ ਦੇਣੀਆਂ । ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਹੁਭ ਸੀ ਕਿ ਦੋਵੇਂ ਜਥੇ ਤਤ ਗੁਰਮਤਿ ਦੇ ਪਾਂਧੀ ਹਨ ਅਤੇ ਉਹ ਚਾਹੁੰਦੇ ਸਨ ਕਿ ਇਹ ਜੱਥੇ ਅਧਿਆਤਮਕ ਅਤੇ



www.AKJ.Org

ਸਿਧਾਂਤਕ ਤੌਰ ਤੇ ਇਕੱਠੇ ਹੋ ਕੇ ਚੱਲਣ ਅਤੇ ਉਹਨਾਂ ਦੇ ਸਮੇਂ ਇਹਨਾਂ ਦੋਹਾਂ ਜਥੇਬੰਦੀਆਂ ਵਿਚ ਕੋਈ ਦੁਬਿਧਾ ਨਹੀਂ ਸੀ। ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਦੀ ਬਰਸੀ ਸਮੇਂ ਅਜੀਤ ਨਗਰ, ਅੰਮ੍ਰਿਤਸਰ ਵਿਖੇ ਅਖੰਡ ਕੀਰਤਨੀ ਜਥੇ ਨੂੰ ਕੀਰਤਨ ਵਿਚ ਹਾਜ਼ਰ ਹੋਣ ਲਈ ਉਚੇਚੇ ਤੌਰ ਤੇ ਬੇਨਤੀਆਂ ਕਰਿਆ ਕਰਦੇ ਸਨ ਅਤੇ ਸਪੈਸ਼ਲ ਬੱਸਾਂ ਭੇਜ ਕੇ ਜਥੇ ਨਾਲ ਨੇੜਤਾ ਵਿਖਾਉਂਦੇ ਸਨ। ਅਖੰਡ ਕੀਰਤਨੀ ਜਥੇ ਵਲੋਂ ਬਟਾਲਾ ਵਿਖੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਦੇ ਵਿਆਹ ਪੁਰਬ ਦੇ ਸਮਾਗਮ ਜੁੜਨੇ ਤਾਂ ਸੰਤ ਬਾਬਾ ਕਰਤਾਰ ਸਿੰਘ ਜੀ ਖਾਲਸਾ ਨੇ ਉਚੇਚੇ ਤੌਰ ਤੇ ਉਥੇ ਹਾਜ਼ਰੀਆਂ ਭਰਨੀਆਂ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਵਾਜਣਾ।

ਕੁਝ ਸਾਲਾਂ ਤੋਂ ਇਹਨਾਂ ਦੋਹਾਂ ਜਥੇਬੰਦੀਆਂ ਦੀ ਨੇੜਤਾ ਨੂੰ ਕੁਝ ਖੋਰਾ ਲੱਗਾ। ਸਮੁਚਾ ਸਿੱਖ ਪੰਥ ਵੀ ਇਸ ਬਾਰੇ ਮਹਿਸੂਸ ਕਰ ਰਿਹਾ ਹੈ-ਅਤੇ ਦੋਹਾਂ ਜਥੇਬੰਦੀਆਂ ਦੇ ਮੁੱਖੀਆਂ ਨੇ ਵੀ ਇਸ ਗੱਲ ਨੂੰ ਬੜੇ ਨੇੜੇ ਹੋ ਕੇ ਘੋਖਿਆ ਤਾਂ ਇਹਨਾਂ ਜੱਥੇਬੰਦੀਆਂ ਨੂੰ ਉਹ ੧੩ ਅਪ੍ਰੈਲ ੧੯੭੮ ਵਾਲਾ ਦਿਹਾੜਾ ਭੁਲ ਸਕਦਾ ਹੈ ਜਦੋਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਦੀ ਪ੍ਰੇਰਨਾ ਨਾਲ ਅਖੰਡ ਕੀਰਤਨੀ ਜਥੇ ਦੇ ਭਾਈ ਸਾਹਿਬ ਭਾਈ ਫੌਜਾ ਸਿੰਘ ਜੀ ਅਤੇ ਦੋਹਾਂ ਜਥੇਬੰਦੀਆਂ ਦੇ ਮਹਾਨ ਯੋਧਿਆਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਨਾ ਸਹਾਰਦਿਆਂ ਹੋਇਆਂ ਬੀ-ਬਲਾਕ ਰੇਲਵੇ ਕਾਲੋਨੀ ਵਿਖੇ ਨਕਲੀ ਨਿਰੰਕਾਰੀਆਂ ਨਾਲ ਸਨਮੁੱਖ ਜੂਝ ਕੇ ਜਾਮੇ-ਸ਼ਹਾਦਤ ਪੀਤੇ ਸਨ। ਤੇਰ੍ਹਾਂ ਸਿੰਘਾਂ ਦੀ ਇਸ ਸ਼ਹਾਦਤ ਨੂੰ ਸਿੱਖ ਕੌਮ ਨੇ ਸ਼ਹੀਦੀ ਸਾਕਾ ਪਰਵਾਨਿਆ। ਇਨ੍ਹਾਂ ਸਿੰਘਾਂ ਨੇ ਬਿਨਾ ਕਿਸੇ ਭੇਦ ਭਾਵ ਬਿਨਾ ਕਿਸੇ ਸੰਪਰਦਾਈ ਝਗੜਿਆਂ ਦੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਅਤੇ ਇਕੱਠਿਆਂ ਖੂਨ ਬਹਾਇਆ। ਏਕਤਾ ਦੇ ਪ੍ਰਤੀਕ ਸਰਵਉੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅਤੇ ਇਸ ਸਥਾਨ ਦੇ ਸਾਕੇ ਤੋਂ ਪਰੇਰਨਾ ਲੈਂਦਿਆਂ ਸੰਤ ਬਾਬਾ ਠਾਕਰ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਪੰਥ ਦੀ ਏਕਤਾ ਨੂੰ ਮੁੱਖ ਰਖਦਿਆਂ ਗੁਰਮਤੇ ਉਲੀਕੇ ਹਨ ਅਤੇ ਉਨ੍ਹਾਂ ਦਾ ਐਲਾਨ ਅੱਜ ਭਰੀ ਸੰਗਤ ਵਿਚ ਕੀਤਾਂ ਜਾ ਰਿਹਾ ਹੈ .

### ਪਹਿਲਾ ਗੁਰਮਤਾ

"ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨ ਤਨ ਅਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥
ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥
ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥"

ਅੱਜ ਮਿਤੀ ੨੮-੧੦-੯੩ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜੀ ਹੋਈ ਗੁਰੂ ਰੂਪ ਸਾਧ ਸੰਗਤ ਦੇ ਸਨਮੁੱਖ ਸੰਤ ਬਾਬਾ ਠਾਕਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਅਤੇ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮੁਖੀ ਅਖੰਡ ਕੀਰਤਨੀ ਜਥਾ ਵਿਸਾਖੀ ੧੯੭੮ ਦੇ ਕਾਂਡ ਵਿਚ ਸ਼ਹੀਦ ਹੋਏ ੧੩ ਸਿੰਘਾਂ ਦੀ ਯਾਦ ਵਿਚ, ਉਸਾਰੀ ਅਧੀਨ ਗੁਰਦਵਾਰਾ ਸ਼ਹੀਦ ਗੰਜ ਬੀ ਬਲਾਕ, ਅੰਮ੍ਰਿਤਸਰ ਦੀ ਕਾਰ-ਸੇਵਾ, ਜਿਹੜੀ ਬੀਤੇ ਅਰਸੇ ਤੋਂ ਕੁਝ ਕਾਰਨਾਂ ਕਰਕੇ ਰੁਕੀ ਹੋਈ ਹੈ, ਉਸ ਨੂੰ ਦਸ ਮੈਂਬਰੀ ਕਮੇਟੀ ਨੂੰ ਸੌਂਪਣ ਦਾ ਐਲਾਨ ਕਰਦੇ ਹਨ। ਇਹ ਕਮੇਟੀ ਦੋਹਾਂ ਜਥੇਬੰਦੀਆਂ ਦੇ ਮੁਖੀਆਂ ਦੇ ਉਦੇਸ਼ ਤੇ ਉਸਾਰੀ ਆਰੰਭ ਕਰੇਗੀ ਅਤੇ ਇਸ ਦੀ ਹੋਂਦ ਆਜ਼ਾਦਾਨਾ ਹੋਵੇਗੀ। ਦੋਹਾਂ ਜਥੇਬੰਦੀਆਂ ਦੇ ਮੁਖੀਆਂ ਦੀ ਪਰਵਾਨਗੀ ਨਾਲ ਇਸ ਕਮੇਟੀ ਦੇ ਮੈਂਬਰ ਹੇਠਾਂ ਅਨੁਸਾਰ ਨਿਯੁਕਤ ਕੀਤੇ ਗਏ ਹਨ :

| | |
|---|---|
| ੧) ਜਥੇਦਾਰ ਪ੍ਰੇਮ ਸਿੰਘ ਜੀ | ੨) ਭਾਈ ਬਲਦੇਵ ਸਿੰਘ ਜੀ |
| ੩) ਭਾਈ ਮੋਹਕਮ ਸਿੰਘ ਜੀ | ੪) ਭਾਈ ਨਰਿੰਦਰ ਸਿੰਘ ਜੀ ਪਾੜਾ |
| ੫) ਭਾਈ ਮਲਕੀਤ ਸਿੰਘ ਜੀ | ੬) ਭਾਈ ਗੁਰਦਿਆਲ ਸਿੰਘ ਜੀ |
| ੭) ਭਾਈ ਲੱਖਾ ਸਿੰਘ ਜੀ | ੮) ਭਾਈ ਹਰਮਿੰਦਰ ਸਿੰਘ ਜੀ |
| ੯) ਭਾਈ ਦੀਦਾਰ ਸਿੰਘ ਖੁਜਾਲਾ | ੧੦) ਭਾਈ ਗੋਪਾਲ ਸਿੰਘ ਜੀ |


www.AKJ.Org

## ਦੂਜਾ ਗੁਰਮਤਾ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

ਗੁਰੂ ਪੰਥ ਖਾਲਸੇ ਦੇ ਵਡਮੁੱਲੇ ਹਿੱਤ ਨੂੰ ਮੱਦੇ ਨਜ਼ਰ ਰਖਦਿਆਂ ਮਾਨਵ ਏਕਤਾ ਦੇ ਪ੍ਰਤੀਕ ਸਰਵਉਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਨਮੁਖ ਸੀਸ ਝੁਕਾਉਂਦਿਆਂ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਗੁਰਦੁਆਰਾ ਸ਼ਹੀਦ ਗੰਜ ਬੀ ਬਲਾਕ, ਅੰਮ੍ਰਿਤਸਰ ਜੁੜੇ ਸਾਧ ਸੰਗਤ ਦੇ ਇਕੱਠ ਵਿਚ ਦੋਹਾਂ ਜਥੇਬੰਦੀਆਂ ਵਿਚ ਨਾਮ ਬਾਣੀ ਅਤੇ ਕਥਾ ਕੀਰਤਨ ਦੀ ਸਾਂਝ ਦਾ ਐਲਾਨ ਕਰਦੀਆਂ ਹਨ । ਭਵਿਖ ਵਿਚ ਦੋਵੇਂ ਜਥੇਬੰਦੀਆਂ ਇਸ ਧੁਰੋਂ ਧੁਰੰਤਰੀ ਸਾਂਝ ਨੂੰ ਯਕੀਨੀ ਬਣਾਉਣਗੀਆਂ । ਦੁਬਿਧਾ ਦੂਰ ਕਰਕੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਤੇ ਆਨੰਦਪੁਰ ਦੇ ਵਾਸੀ ਬਣ ਕੇ ਨਿਮਰਤਾ ਸਹਿਤ ਵਿਚਰਦਿਆਂ ਮਹਾਰਾਜ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੀਆਂ ।

## ਤੀਜਾ ਗੁਰਮਤਾ

ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥

ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਅੱਜ ਇਸ ਇਤਿਹਾਸਕ ਸਥਾਨ ਤੋਂ ਸਿੱਖ ਸੰਗਤਾਂ ਤੇ ਖਾਸ ਕਰਕੇ ਦੋਹਾਂ ਜਥੇਬੰਦੀਆਂ ਨਾਲ ਸਬੰਧਤ ਗੁਰਸਿੱਖਾਂ ਨੂੰ ਅਪੀਲ ਕਰਦੇ ਹਨ ਕਿ ਉਹ ਪਿੰਡਾਂ, ਸ਼ਹਿਰਾਂ, ਦੇਸ ਅਤੇ ਪ੍ਰਦੇਸ ਵਿਚ ਬਿਨਾਂ ਕਿਸੇ ਭੇਦ ਭਾਵ ਦੇ ਵਿਚਰ ਕੇ ਗੁਰਸਿੱਖੀ ਦਾ ਪ੍ਰਚਾਰ ਕਰਨ ।

## ਚੌਥਾ ਗੁਰਮਤਾ

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥
ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰੋ ਇਨ ਕੀ ਪ੍ਰਤੀਤ ॥

ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਦੋਹਾਂ ਜਥੇਬੰਦੀਆਂ ਦੇ ਸਿੰਘਾਂ ਨੂੰ ਸਾਂਝੇ ਤੌਰ ਤੇ ਅਪੀਲ ਕਰਦੇ ਹਨ ਕਿ ਖਾਲਸੇ ਦਾ ੩੦੦ ਸਾਲਾ ਜਨਮ ਦਿਹਾੜਾ, ਜੋ ਕਿ ਸੰਨ ੧੯੯੯ ਨੂੰ ਆ ਰਿਹਾ ਹੈ, ਉਸ ਨੂੰ ਕੇਂਦਰ ਬਿੰਦੂ ਜਾਣ ਕੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਰਵ ਉੱਚ ਮੰਨਦਿਆਂ ਹੋਇਆਂ ਕਥਾ ਤੇ ਕੀਰਤਨ ਰਾਹੀਂ ਗੁਰਬਾਣੀ ਦਾ ਪ੍ਰਚਾਰ ਪੂਰੇ ਜ਼ੋਰਾਂ ਨਾਲ ਆਰੰਭ ਕਰਨ ਤਾਂ ਕਿ ਹਰ ਨਾਨਕ ਨਾਮ ਲੇਵਾ ਸੰਨ ੧੯੯੯ ਦੀ ਵਿਸਾਖੀ ਤਕ ਅੰਮ੍ਰਿਤਧਾਰੀ ਹੋ ਜਾਵੇ । ਜਦੋਂ ਵਿਸਾਖੀ ੧੯੯੯ ਨੂੰ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਜੁੜੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਵਾਲਾ ਹਰ ਪ੍ਰਾਣੀ ਅੰਮ੍ਰਿਤਧਾਰੀ ਦਿਸੇ ।

## ਪੰਜਵਾਂ ਗੁਰਮਤਾ

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥

ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਪੰਥ ਵਿਚ ਵਾਦ ਵਿਵਾਦ ਵਾਲੇ ਪੰਥਕ ਤੇ ਧਾਰਮਿਕ ਮਸਲਿਆਂ ਦਾ ਹਲ ਧੜੇਬੰਦੀ ਤੋਂ ਉਪਰ ਉੱਠ ਕੇ ਵਿਚਾਰਨਗੇ । ਸਮੁੱਚੀਆਂ ਧਾਰਮਿਕ ਜਥੇਬੰਦੀਆਂ ਅਤੇ ਸੰਤ ਸੰਪਰਦਾਵਾਂ ਨੂੰ ਵਿਸ਼ਵਾਸ ਵਿਚ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਰਬ ਪ੍ਰਵਾਨਿਤ ਹਲ ਲੱਭਣ ਲਈ ਹੰਭਲਾ ਮਾਰਨਗੇ ।

ਗੁਰੂ ਪੰਥ ਦੇ ਦਾਸ :–

ਭਾਈ ਸਾਹਿਬ ਭਾਈ ਰਾਮ ਸਿੰਘ ਜੀ
ਮੁਖੀ ਅਖੰਡ ਕੀਰਤਨੀ ਜਥਾ ।

ਸੰਤ ਬਾਬਾ ਠਾਕੁਰ ਸਿੰਘ ਜੀ
ਮੁਖੀ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ।


www.AKJ.Org

## ੨-੧੧-੯੩ ਦਾ ਪ੍ਰੈਸ ਨੋਟ

ਮਿਤੀ ੨੮-੧੦-੯੩ ਨੂੰ ਅਖੰਡ ਕੀਰਤਨੀ ਜੱਥਾ ਅਤੇ ਜੱਥਾ ਭਿੰਡਰਾਂ ਮਹਿਤਾ ਚੌਕ ਨਾਲ ਹੋਏ ਏਕਤਾ ਦੇ ਐਲਾਨ ਬਾਰੇ ਸਪੱਸ਼ਟੀਕਰਨ

(੧) ਅਖੰਡ ਕੀਰਤਨੀ ਜੱਥੇ ਵਲੋਂ ਅਕਤੂਬਰ ੯੩ ਦੇ 'ਸੂਰਾ' ਮਾਸਕ ਪੱਤਰ ਵਿਚ ਇਸ ਜਥੇ ਦੇ ਆਸ਼ੇ ਅਤੇ ਉਦੇਸ਼ਾਂ ਬਾਰੇ ਪਾਲਸੀ-ਬਿਆਨ ਸੰਪਾਦਕੀ ਦੇ ਰੂਪ ਵਿਚ ਛਾਪਿਆ ਜਾ ਚੁਕਾ ਹੈ, ਜਿਸ ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਜੱਥਾ ਕੋਈ ਸੰਪਰਦਾ ਨਹੀਂ, ਇਸ ਦਾ ਕੋਈ ਡੇਰਾ ਨਹੀਂ, ਇਸ ਦੇ ਮੁਖੀ ਦੀ ਕੋਈ ਗੱਦੀ-ਨਸ਼ੀਨੀ ਨਹੀਂ। ਇਹ ਜੱਥਾ ਖਾਲਸਾ ਪੰਥ ਦਾ ਇਕ ਨਿਮਾਣਾ ਅਤੁੱਟ ਅੰਗ ਹੈ, ਜਿਸਦਾ ਪ੍ਰਮੁਖ ਨਿਸ਼ਾਨਾ ਨਿਰੋਲ ਨਿਸ਼ਕਾਮ ਗੁਰਬਾਣੀ ਕੀਰਤਨ ਤੇ ਗੁਰਬਾਣੀ ਦੇ ਪਠਨ ਪਾਠਨ ਅਤੇ ਅੰਮ੍ਰਿਤ ਸੰਚਾਰ ਰਾਹੀਂ ਪੰਥ ਦੀ ਸੇਵਾ ਕਰਨਾ ਹੈ।

(੨) ਅਖੰਡ ਕੀਰਤਨੀ ਜਥੇ ਦੀ ਗੁਰਮਤਿ ਮਾਰਗ ਤੇ ਚਲਣ ਵਾਲੀਆਂ ਸਾਰੀਆਂ ਜਥੇਬੰਦੀਆਂ ਨਾਲ ਮਿਲਵਰਤਣ ਹੈ, ਕਿਸੇ ਨਾਲ ਕੋਈ ਵਿਰੋਧ ਨਹੀਂ। ਇਹ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੰਥ ਦੀ ਸਰਬੋਤਮ ਸੰਸਥਾ ਮੰਨਦਾ ਹੈ। ਇਹ ਜੱਥਾ ਪੰਥ ਵਲੋਂ ਗੁਰਦੁਆਰਾ ਐਕਟ ਅਧੀਨ ਬਣਾਈ ਗਈ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਪੰਥ ਦੀ ਪ੍ਰਤੀਨਿਧ ਸੰਸਥਾ ਸਮਝਦਾ ਹੈ, ਭਾਵੇਂ ਇਸ ਸੰਸਥਾ ਦੀ ਕਾਰਗੁਜ਼ਾਰੀ ਨੂੰ ਸੁਧਾਰਨ ਦੀ ਅਵੱਸ਼ ਲੋੜ ਹੈ।

(੩) ਸ਼ਹੀਦ ਬਾਬਾ ਦੀਪ ਸਿੰਘ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਸਮੁੱਚੇ ਪੰਥ ਦੀ ਸਾਂਝੀ ਵਿਰਾਸਤ ਹਨ, ਕਿਸੇ ਇਕ ਜਥੇਬੰਦੀ ਦੀ ਨਹੀਂ।

(੪) ਅਖੰਡ ਕੀਰਤਨੀ ਜਥੇ ਨੂੰ ਫ਼ਖਰ ਹੈ ਕਿ ਇਸ ਜਥੇ ਦੇ ਨਿਧੜਕ ਜਰਨੈਲ ਭਾਈ ਸਾਹਿਬ ਫੌਜਾ ਸਿੰਘ ਜੀ ਆਪਣੇ ੧੦ ਹੋਰ ਸਾਥੀਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਸ਼ਹੀਦੀਆਂ ਪਾ ਗਏ। ਪਰ ਇਸ ਜਥੇ ਦੀ ਇਹ ਪੱਕੀ ਧਾਰਨਾ ਹੈ ਕਿ ੧੯੭੮ ਦੇ ਨਿਰੰਕਾਰੀ ਕਾਂਡ ਨਾਲ ਸੰਬੰਧਤ ਤੇਰ੍ਹਾਂ ਦੇ ਤੇਰ੍ਹਾਂ ਸ਼ਹੀਦ ਕਿਸੇ ਵਿਸ਼ੇਸ਼ ਜਥੇਬੰਦੀ ਦੇ ਨਹੀਂ, ਸਗੋਂ ਪੰਥ ਦੇ ਸ਼ਹੀਦ ਹਨ। ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਐਲਾਨ ਕਰਦੇ ਆ ਰਹੇ ਹਨ ਕਿ ਉਹਨਾਂ ਸ਼ਹੀਦਾਂ ਦੀ ਅਦੁਤੀ ਯਾਦਗਾਰ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਕਾਇਮ ਕੀਤੀ ਜਾਵੇਗੀ। ਚੰਗਾ ਹੋਵੇ ਕਿ ਬੀ. ਬਲਾਕ ਦੇ ਸ਼ਹੀਦੀ ਅਸਥਾਨ ਉਤੇ ਜੋ ਯਾਦਗਾਰ ਉਸਰ ਰਹੀ ਹੈ ਉਸ ਨੂੰ ਚੰਗੇਰੇ ਢੰਗ ਨਾਲ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਸ਼੍ਰੋ: ਗੁ: ਪ੍ਰ: ਕਮੇਟੀ ਆਪਣੇ ਹੱਥ ਵਿਚ ਲਵੇ। ਇਸ ਕਾਰਜ ਵਿਚ ਅਖੰਡ ਕੀਰਤਨੀ ਜੱਥਾ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਪੂਰਾ ਸਹਿਯੋਗ ਦੇਵੇਗਾ।

(੫) ਅਖੰਡ ਕੀਰਤਨੀ ਜੱਥਾ ਨਿਰੋਲ ਧਾਰਮਕ ਜਥੇਬੰਦੀ ਹੈ। ਉਸ ਦਾ ਕੋਈ ਸਿਆਸੀ ਉਦੇਸ਼ ਨਹੀਂ ਹੈ। ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਨਾਲ ਉਸਦਾ ਸੰਬੰਧ ਹੈ।

(੬) ਅਖੰਡ ਕੀਰਤਨੀ ਜਥੇ ਦਾ ਇਕ ਸਲਾਹਕਾਰ ਬੋਰਡ ਹੈ, ਜੋ ਸਮੇਂ ਸਮੇਂ ਮੀਟਿੰਗ ਕਰ ਕੇ ਜਥੇ ਦੇ ਪਾਲਸੀ-ਫੈਸਲੇ ਲੈਂਦਾ ਹੈ। ਇਸ ਸਲਾਹਕਾਰ ਬੋਰਡ ਦੀ ਅੱਜ ਮਿਤੀ ੨-੧੧-੯੩ ਨੂੰ ਉਪ੍ਰੋਕਤ ਵਰਣਿਤ ਮਿਤੀ ੨੮-੧੦-੯੩ ਦੇ ਐਲਾਨ-ਨਾਮੇ ਨੂੰ ਘੋਖਣ ਲਈ ਮੀਟਿੰਗ ਹੋਈ, ਜਿਸ ਵਿਚ ਇਸ ਬੋਰਡ ਦੇ ਪ੍ਰਧਾਨ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਨੇ ਦਸਿਆ ਕਿ ਇਕ ਵਿਸ਼ੇਸ਼ ਵਿਅਕਤੀ ਨੇ ਉਹਨਾਂ ਨੂੰ ਅਸਲੀ ਸਥਿਤੀ ਤੋਂ ਅਨ੍ਹੇਰੇ ਵਿਚ ਰਖ ਕੇ ਇਸ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ। ਸਲਾਹਕਾਰ ਬੋਰਡ ਇਹ ਸਮਝਦਾ ਹੈ ਕਿ ਉਪ੍ਰੋਕਤ ਏਕਤਾ ਪੱਤਰ ਤੋਂ ਸੰਗਤਾਂ ਵਿਚ ਕਈ ਭੁਲੇਖੇ ਪੈਣ ਦੀ ਸੰਭਾਵਨਾ ਹੈ। ਸੋ ਸਾਰੇ ਭੁਲੇਖੇ ਦੂਰ ਕਰਨ ਲਈ ਇਹ ਸਪੱਸ਼ਟੀਕਰਨ ਦੇਣ ਦੀ ਲੋੜ ਪਈ ਹੈ।

ਗੁਰੂ ਪੰਥ ਦਾ ਦਾਸ

ਮਿਤੀ ੨-੧੧-੯੩

ਰਾਮ ਸਿੰਘ ਜਥੇਦਾਰ ਅਖੰਡ ਕੀਰਤਨੀ ਜੱਥਾ


www.AKJ.Org

(ਅੰਤਕਾ—ੲ)

## ੩-੧੧-੯੩ ਦਾ ਪ੍ਰੈਸ ਨੋਟ

ਅਜ ਮਿਤੀ ੩-੧੧-੯੩ ਨੂੰ ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੇ ਹਾਜ਼ਰ ਮੈਂਬਰਾਂ ਅਤੇ ਹੋਰ ਹਿਤੈਸ਼ੀਆਂ ਦੀ ਮੀਟਿੰਗ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥੇ ਦੇ ਨਿਵਾਸ ਅਸਥਾਨ ਤੇ ਹੋਈ, ਜਿਸ ਵਿਚ ਹੇਠ ਲਿਖੇ ਫੈਸਲੇ ਸਰਬ ਸੰਮਤੀ ਨਾਲ ਲਏ ਗਏ :—

(੧) ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਮੀਤ ਜਥੇਦਾਰ ਦੇ ਅਸਤੀਫੇ ਵਿਚਾਰ ਅਧੀਨ ਰਖ ਲਏ ਗਏ ਹਨ।

(੨) ਮਿਤੀ ੨੮-੧੦-੯੩ ਨੂੰ ਅਖੰਡ ਕੀਰਤਨੀ ਜਥੇ ਅਤੇ ਜਥਾ ਭਿੰਡਰਾਂ ਮਹਿਤਾ ਨਾਲ ਹੋਏ ਪਰਸਪਰ ਸਮਝੌਤੇ ਮੁਜਬ ਦੋਹਾਂ ਜਥੇਬੰਦੀਆਂ ਦੀ ਸਾਂਝੀ ਦਸ ਮੈਂਬਰੀ ਕਮੇਟੀ ਵਲੋਂ ਗੁਰਦੁਆਰਾ ਸ਼ਹੀਦ ਗੰਜ ਬੀ-ਬਲਾਕ ਦੀ ਬਿਲਡਿੰਗ ਨੂੰ ਮੁਕੰਮਲ ਕਰਨ ਦੀ ਕਾਰ ਸੇਵਾ ਕੀਤੀ ਜਾਵੇਗੀ। ਪੂਰਨ ਸਹਿਯੋਗ ਦੇਂਦਿਆਂ ਹੋਇਆਂ ਅਖੰਡ ਕੀਰਤਨੀ ਜਥੇ ਦੀ ਪੱਕੀ ਧਾਰਨਾ ਹੈਂ ਕਿ ਇਹ ਸਰਬ-ਸਾਂਝਾ ਪੰਥਕ ਅਸਥਾਨ ਹੈ।

(੩) ਜਿਵੇਂ ਕਿ ਮਿਤੀ ੨-੧੧-੯੩ ਦੇ ਪ੍ਰੈਸ ਨੋਟ ਵਿਚ ਸਪੱਸ਼ਟ ਕੀਤਾ ਗਿਆ ਸੀ, ਅਖੰਡ ਕੀਰਤਨੀ ਜਥੇ ਦੀ ਗੁਰਸਿਖੀ ਅਤੇ ਨਾਮ ਬਾਣੀ ਦੀ ਸਾਂਝ ਪੰਥ ਦੀਆਂ ਸਮੂਹ ਗੁਰਮਤੀ ਜਥੇਬੰਦੀਆਂ ਨਾਲ ਹੈ ਅਤੇ ਕਿਸੇ ਜਥੇਬੰਦੀ ਨਾਲ ਕਿਸੇ ਕਿਸਮ ਦਾ ਕੋਈ ਵਿਰੋਧ ਨਹੀਂ।

ਖਾਲਸਾ ਜੀ ਦਾ ਸੇਵਾਦਾਰ

ਮਿਤੀ ੩-੧੧-੯੩ — ਰਾਮ ਸਿੰਘ ਜਥੇਦਾਰ ਅਖੰਡ ਕੀਰਤਨੀ ਜਥਾ

---

## ਪੀੜਤ ਪਰਵਾਰਾਂ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ. ਪ੍ਰਦੁੰਮਨ ਸਿੰਘ ਜਲੰਧਰ | ੨੦੦-੦੦ | ਬੀਬੀ ਜਸਬੀਰ ਕੌਰ ਲੁਧਿਆਣਾ | ੧੦੦-੦੦ |
| ਸ. ਸਵਰਨ ਸਿੰਘ ਲੁਧਿਆਣਾ | ੫੦-੦੦ | ਭਾਈ ਗੁਰਚਰਨ ਸਿੰਘ ਵਾਰਾਨਸੀ | ੩੭੦-੦੦ |
| ਸ. ਗੁਰਦੀਪ ਸਿੰਘ ਲੁਧਿਆਣਾ | ੧੦੦-੦੦ | ਬੀਬੀ ਜਸਬੀਰ ਕੌਰ ਬੱਗਾ ਲੁਧਿਆਣਾ | ੧੦੦-੦੦ |
| ਗੁਪਤ ਘੱਲ ਕਲਾਂ | ੧੦੦੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਗੁਪਤ ਨੂਨੂ ਡੀਹ | ੧੦੦-੦੦ | ਗੁਪਤ (ਅੰਮ੍ਰਿਤਸਰ) | ੨੦੦-੦੦ |
| ਸ: ਹਰਪਾਲ ਸਿੰਘ ਪਾਥਰ ਡੀਹ | ੧੦੧-੦੦ | ਪ੍ਰਵਾਰ ਬੀਬੀ ਬੀਨਾ ਕੌਰ ਮੇਰਠ (ਅੰਤਮ ਅਰਦਾਸ ਸਮੇਂ) | ੨੫੧-੦੦ |
| Sgt. ਕੁਲਦੀਪ ਸਿੰਘ c/o 56APO | ੨੦੦-੦੦ | | |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਗੁਰਦੇਵ ਕੌਰ ਅੰਮ੍ਰਿਤਸਰ—ਬਚਿਆਂ ਦੇ ਕਪੜਿਆਂ ਲਈ | ੧੦੦੦-੦੦ |
| ਬੀ: ਸੁਖਵੰਤ ਕੌਰ ਪਤਨੀ ਸ਼ਹੀਦ ਸੁਖਦੇਵ ਸਿੰਘ ਦਾਸੂਵਾਲ—ਬਚਿਆਂ ਦੀ ਪੜ੍ਹਾਈ ਲਈ | ੫੦੦੦-੦੦ |
| ਬੀ: ਗੁਰਦੀਪ ਕੌਰ ਭਾ: ਅਜੀਤ ਸਿੰਘ ਲੁਧਿਆਣਾ—ਪੁਤਰ ਸ਼ਹੀਦ, ਦੋ ਬਚੀਆਂ ਦੀ ਸ਼ਾਦੀ | ੫੦੦੦-੦੦ |
| ਕਪੂਰਥਲੇ ਇਲਾਕੇ ਦੇ ਪਿੰਡਾਂ (ਵੇਰਵਾ ਅਕਤੂਬਰ 'ਸੂਰਾ' ਵਿਚ ਹੜ੍ਹ ਪੀੜਤ ਪਰਵਾਰਾਂ ਨੂੰ ਵੰਡੀ ਸਹਾਇਤਾ ਛਪ ਚੁਕਾ ਹੈ) | ੫੯੦੦੦-੦੦ |
| ਬੀਬੀ ਗੁਰਜੀਤ ਕੌਰ ਸੋਢੀ ਵਾਲਾ—ਦੋ ਪੁਤਰ ਸ਼ਹੀਦ, ਪਤੀ ਹੈ ਨਹੀਂ, ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਗੁਪਤ ਸੇਵਾ | ੪੦੦-੦੦ |
| ਸ: ਦਰਸ਼ਨ ਸਿੰਘ ਭੁਪਿੰਦਰ ਸਿੰਘ ਅਬੂ ਧਾਬੀ | ੭੫੦-੦੦ |

---

**ਰਾਮ ਨਗਰ (ਬਠਿੰਡਾ, ਮੋੜ-ਰਾਮਪੁਰ ਰੋਡ) ਰੈਣ ਸਬਾਈ ਕੀਰਤਨ 11 ਦਸੰਬਰ**

---

ਅੰਤਕਾ 'ਸ' ਸਾਹਮਣੇ ਪਾਸੇ ਟਾਈਟਲ ਅੰਦਰ ਵੇਖੋ

www.AKJ.Org

## ੫-੧੨-੯੩ ਦੀ ਮੀਟਿੰਗ ਦਾ ਫ਼ੈਸਲਾ (ਅੰਤਕਾ 'ਸ')

ਮਿਤੀ ੫-੧੨-੯੩ ਨੂੰ ਦੇਸ ਪਰਦੇਸ ਤੋਂ ਕਾਫੀ ਸਿੰਘ ਮੀਟਿੰਗ ਵਿਚ ਸ਼ਾਮਲ ਹੋਣ ਲਈ ਤਸ਼ਰੀਫ਼ ਲਿਆਏ। ਅਰਦਾਸ ਉਪਰੰਤ ਹੁਕਮਨਾਮਾ ਲੈ ਕੇ ਕਾਰਵਾਈ ਸ਼ੁਰੂ ਹੋਈ। ਅਰੰਭ ਦਾ ਹੁਕਮਨਾਮਾ ਇਹ ਸੀ–

ਤਿਲੰਗ ਘਰੁ ੨ ਮਹਲਾ ੫ (੭੨੩)

ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥
ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦ ਜਪਿ ਨਾਨਕ ਏਕ ॥੧॥
ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ ਤੇਰੀ ਟੇਕ ਤੇਰਾ ਆਧਾਰੁ ॥ਰਹਾਉ॥
ਹੈ ਤੂ ਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਅਪਾਰ ॥
ਜੋ ਤੁਧੁ ਸੇਵਹਿ ਤਿਨ ਕਉ ਦੁਖੁ ਨਾਹਿ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥
ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥
ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤ ਹੋਇ ॥੩॥
ਜਿਨਿ ਜਪਿ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥
ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਹੁ ਧੂਰਿ ॥੪॥੨॥

ਲਗ ਪਗ ਤਿੰਨ ਘੰਟੇ ਵਿਚਾਰ ਵਟਾਂਦਰਾ ਹੁੰਦਾ ਰਿਹਾ। ਕੁਝ ਵੀਰਨ ਤਲਖ਼ੀ ਵਿਚ ਵੀ ਆਏ। ਪਰ ਅੰਤਮ ਸਿੱਟਾ ਕੁਝ ਨਾ ਨਿਕਲਿਆ। ਅੰਤ ਵਿਚ ਭਾਈ ਸੂਰਤ ਸਿੰਘ (ਪੂ ਨ ਜੀ) ਨੇ ਆਪਣੇ ਭਾਵਕ ਕਥਨ ਵਿਚ ਸੁਝਾਅ ਦਿਤਾ ਕਿ ਭਾ: ਸਾ: ਭਾਈ ਰਾਮ ਸਿੰਘ ਜੀ ਹੀ ਜਥੇਦਾਰ ਰਹਿਣ। ਬਾਕੀ ਜੋ ਗੱਲਾਂ ਹਨ, ਬਾਅਦ ਵਿਚ ਸੁਲਝਾਅ ਲਵਾਂਗੇ। ਜਥੇਦਾਰ ਸਾਹਿਬ ਨੇ ਸਪੱਸ਼ਟ ਕੀਤਾ ਕਿ ਭਾਈ ਬਲਦੇਵ ਸਿੰਘ ਜੀ ਮੀਤ ਜਥੇਦਾਰ ਉਨ੍ਹਾਂ ਦੇ ਹਰ ਤਰ੍ਹਾਂ ਸਹਾਇਕ ਰਹੇ ਹਨ, ਇਸ ਲਈ ਇਹ ਉਨ੍ਹਾਂ ਨੂੰ ਚਾਹੀਦੇ ਹਨ। ਉਪਰੰਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸ ਹੋ ਕੇ ਸਮਾਪਤ ਹੋ ਗਈ। ਸਮਾਪਤੀ ਸਮੇਂ ਦਾ ਹੁਕਮਨਾਮਾ ਇਹ ਸੀ–

ਸੂਹੀ ਮਹਲਾ ੫ (੭੩੯)

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥
ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ ॥ ਸਾਧ ਸੰਗਿ ਤਿਨੀ ਦਰਸਨੁ ਪਾਇਆ ॥੧॥ਰਹਾਉ॥
ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸਹਿ ਸੋ ਕਾਲਹਿ ਖਰਨਾ ॥੨॥
ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥
ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥

# ਗੁਰਸਿੱਖੀ ਨੂੰ ਵੱਟਾ ਲਾਉਣ ਵਾਲੇ ਸਿਖ

[ਨੋਟ—ਇਹ ਮੈਟਰ ਦੁਸਹਿਰੇ ਦੇ ਦਿਨਾਂ ਵਿਚ ਛੱਪਣ ਲਈ ਪੁਜਾ ਸੀ]

ਰਾਮ ਲੀਲ੍ਹਾ ਚਲ ਰਹੀ ਹੈ। ਸਾਡੇ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ ਕੱਲ੍ਹ ਸਿੱਖ ਸਰਦਾਰਾਂ ਦੇ ਮੁੰਡੇ ਰਾਮ ਲੀਲ੍ਹਾ ਕਰ ਰਹੇ ਹਨ ਅਤੇ ਰਾਮ ਲੀਲ੍ਹਾ ਵਿਚ ਕੁੰਭਕਰਨ, ਰਾਮ, ਲਛਮਣ, ਰਾਜੇ, ਰਾਣੀਆਂ ਆਦਿ ਦਾ ਰੋਲ ਵੀ ਕਰ ਰਹੇ ਹਨ। ਕੱਲ੍ਹ ਤਾਂ ਹੱਦ ਹੀ ਹੋ ਗਈ ਜਦੋਂ ਇਕ ਸਿੱਖ ਨੌਜਵਾਨ ਨਿਹੰਗ ਸਿੰਘਾਂ ਦਾ ਬਾਣਾ ਪਾ ਕੇ ਗਤਕਾ ਖੇਡਦਾ ਹੋਇਆ ਸਟੇਜ ਤੇ ਆਇਆ, ਜੈਕਾਰਾ ਛੱਡਿਆ ਤੇ ਕਹਿਣ ਲੱਗਾ, ਅਸੀਂ ਗੁਰੂ ਦੀਆਂ ਲਾਡਲੀਆਂ ਫੌਜਾਂ ਹਾਂ ਤੇ ਮੈਂ ਸੀਤਾ ਨਾਲ ਵਿਆਹ ਕਰਾਵਾਂਗਾ। ਰਾਮ ਲੀਲ੍ਹਾ ਵਿਚ ਦੋ ਤਿੰਨ ਨੱਚਣ ਵਾਲੀਆਂ ਨਾਚੀਆਂ ਵੀ ਨਚਦੀਆਂ ਹਨ। ਇਸ ਰਾਮ ਲੀਲ੍ਹਾ ਤੇ ਤਕਰੀਬਨ 25-30 ਹਜ਼ਾਰ ਦਾ ਖਰਚਾ ਹੈ, ਜੋ ਕਿ ਅਨੰਦਪੁਰ ਸਾਹਿਬ ਦੇ ਸਿੱਖ ਸਰਦਾਰ ਕਰ ਰਹੇ ਹਨ।

ਸਿੰਘਾਂ ਦੀ ਖ਼ਾਤਰ ਦਸਮ ਪਾਤਸ਼ਾਹ ਜੀ ਨੇ ਚਾਰੇ ਸਾਹਿਬਜ਼ਾਦੇ ਤੇ ਆਪਣਾ ਸਰਬੰਸ ਵਾਰ ਦਿੱਤਾ, ਅਨੇਕਾਂ ਹੀ ਸਿੰਘ ਸ਼ਹੀਦ ਹੋਏ। ਬੇਅੰਤ ਕੁਰਬਾਨੀਆਂ ਇਹਨਾਂ ਸਿੱਖ ਕਹਾਉਣ ਵਾਲਿਆਂ ਨੇ ਏਨੀ ਜਲਦੀ ਭੁਲਾ ਦਿੱਤੀਆਂ। ਹਾਥੀ ਦੀ ਸਵਾਰੀ ਕਰਦੇ ਹੋਏ ਖੋਤੇ ਤੇ ਜਾ ਚੜ੍ਹੇ। ਅਫ਼ਸੋਸ ਇਹਨਾਂ ਸਿੱਖਾਂ ਤੇ, ਜੋ ਗੁਰੂ ਸਾਹਿਬਾਨ ਦੇ ਗੁਰਪੁਰਬ ਤਾਂ ਨਹੀਂ ਮਨਾਉਂਦੇ, ਪਰ ਰਾਮ ਲੀਲ੍ਹਾ ਮਨਾ ਕੇ, ਗੁਰੂ ਦੇ ਨਾਮ ਅਤੇ ਬਾਣ ਤੇ ਧੱਬਾ ਲਾਉਣ ਦੇ ਭਾਗੀ ਬਣ ਰਹੇ ਹਨ। ਸਭ ਤੋਂ ਵੱਧ ਅਫ਼ਸੋਸ ਤਾਂ ਸਿੱਖੀ ਦੇ ਠੇਕੇਦਾਰ ਬਣੀ ਬੈਠੇ ਸ਼ਹਿਰ ਦੇ ਸਭਾ ਸੁਸਾਇਟੀਆਂ ਦੇ ਪ੍ਰਧਾਨਾਂ ਅਤੇ ਜੱਥੇਦਾਰਾਂ ਤੇ ਹੈ, ਜਿਨ੍ਹਾਂ ਨੇ ਇਸ ਕੁਰੀਤੀ ਵਿਰੁੱਧ ਚੂੰ ਤੱਕ ਨਹੀਂ ਕੀਤੀ।

[ਅਨੰਦਗੁਰ ਸਾਹਿਬ ਤੋਂ ਇਕ ਪਾਠਕ]

www.AKJ.Org

## ਬੰਗਾ ਵਿਖੇ ਸ਼ਹੀਦੀ ਗੁਰਪੁਰਬ ਸਮਾਗਮ 16 ਤੋਂ 19 ਦਸੰਬਰ ਐਤਵਾਰ ਸਵੇਰ ਤਕ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਸਮਾਗਮ ਪਾ. ੯ ਗੁ. ਚਰਨ ਕੰਵਲ ਬੰਗਾ ਵਿਖੇ—

16 ਦਸੰਬਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, 18 ਦਸੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਅਖੰਡ ਕੀਰਤਨ, ਸ਼ਾਮ 6 ਵਜੇ ਅੰਮ੍ਰਿਤ ਸੰਚਾਰ ਸਮਾਗਮ, ਸੋਦਰ ਦੀ ਚੌਂਕੀ ਤੇ ਰੈਣ ਸਬਾਈ ਕੀਰਤਨ ਅਰੰਭ। 19 ਦਸੰਬਰ ਸਵੇਰੇ 6 ਵਜੇ ਸਮਾਪਤੀ। ਰਿਹਾਇਸ਼ ਦਾ ਪਰਬੰਧ ਗੁਰਦਵਾਰਾ ਸਾਹਿਬ ਵਿਖੇ, ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਦਾਸਰੇ ਅਖੰਡ ਕੀਰਤਨੀ ਜਥਾ ਇਲਾਕਾ ਬੰਗਾ (ਜਲੰਧਰ)

## ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ਼ਹੀਦੀ ਗੁਰਪੁਰਬ ਸਮੇਂ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਗੁਰਪੁਰਬ ਸਮੇਂ 15 ਤੋਂ 19 ਦਸੰਬਰ ਤਕ ਕੀਰਤਨ-ਅਖਾੜੇ ਸਜ ਰਹੇ ਹਨ, ਜਿਸ ਵਿਚ ਅਖੰਡ ਕੀਰਤਨੀ ਜਥਿਆਂ ਤੋਂ ਬਿਨਾਂ ਹੋਰ ਵੀ ਪ੍ਰਸਿਧ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ।

ਅੰਮ੍ਰਿਤ ਸੰਚਾਰ ਸਮਾਗਮ ਅਤੇ ਰੈਣ ਸਬਾਈ ਕੀਰਤਨ 18 ਦਸੰਬਰ ਰਾਤ ਨੂੰ ਹੋ ਰਹੇ ਹਨ। ਇਸ ਪਵਿਤਰ ਧਰਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿਤਰ ਕੌਤਕਾਂ ਰਾਹੀਂ ਨਿਵਾਜਿਆ ਹੋਇਆ ਹੈ। ਗੁਰੂ-ਅਸਥਾਨਾਂ ਦੇ ਦਰਸ਼ਨ ਤੇ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ। ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਤਖ਼ਤ ਸਾਹਿਬ ਵਿਖੇ ਹੋਵੇਗਾ। ਤਖ਼ਤ ਸਾਹਿਬ ਤੇ ਪੁਜਣ ਲਈ ਪਟਨਾ ਸਾਹਿਬ ਸ਼ਹਿਰ (ਸਟੇਸ਼ਨ) ਤੇ ਉਤਰੋ ਜੀ। ਬਿਸਤਰੇ ਤੇ ਗਰਮ ਕਪੜੇ ਲੈ ਕੇ ਆਓ ਜੀ।

ਪ੍ਰਾਰਥਕ—ਸਾਧ ਸੰਗਤ ਤੇ ਪ੍ਰਬੰਧਕ ਕਮੇਟੀ ਤਖਤ ਪਟਨਾ ਸਾਹਿਬ

**ਮਾਸਕ ਰੈਣ ਸਬਾਈ ਕੀਰਤਨ, ਸਿਧਵਾਂ ਖ਼ੁਰਦ (ਲੁਧਿਆਣਾ) ਕਾਲਜ ਵਾਲਾ 11 ਦਸੰਬਰ**
**ਰਾਮ ਨਗਰ (ਬਠਿੰਡਾ, ਮੋੜ ਮੰਡ-ਰਾਮ ਨਗਰ ਰੋਡ) ਰੈਣ ਸਬਾਈ ਕੀਰਤਨ 11 ਦਸੰਬਰ**
**ਹਰਚੋਵਾਲ, ਭਾਈ ਦਲਬੀਰ ਸਿੰਘ (ਹਕੀਮਾਂ ਦਾ ਘਰ) ਭੋਗ ਅਖੰਡਪਾਠ ਤੇ ਰੈਣ ਸਬਾਈ 11 ਦਸੰਬਰ**
**ਧਾਮੀਆਂ ਛੋਟੀਆਂ (ਬੁਲੋਵਾਲ, ਹੁਸ਼ਿਆਰਪੁਰ) ਗ੍ਰਿਹਿ ਭਾ: ਕਰਮ ਸਿੰਘ, ਰੈਣ ਸਬਾਈ 11 ਦਸੰਬਰ**
**ਬਸੀ ਪਠਾਣਾਂ, ਲਾਲ ਗੁਰਦੁਆਰਾ ਸਾਹਿਬ, ਧੋਬੀ ਮਹੱਲਾ, ਰੈਣ ਸਬਾਈ ਕੀਰਤਨ 18 ਦਸੰਬਰ**
**ਰਾ ਪੁਰਾ (ਹੁਸ਼ਿਆਰਪੁਰ) ਭਾ: ਮਹਿੰਦਰ ਸਿੰਘ ਨਿਹੰਗ, ਦਿਵਸ ਸੁਹੇਲਾ ਕੀਰਤਨ 19 ਦਸੰਬਰ**
**ਆਦਮਪੁਰ ਦੁਆਬਾ (ਜਲੰਧਰ), ਗੁ: ਸਿੰਘ ਸਭਾ, ਮਹੱਲਾ ਜੱਟਾਂ, ਰੈਣ ਸਬਾਈ ਕੀਰਤਨ, 25 ਦਸੰਬਰ**
**ਇੱਟਾਂ ਬੱਧੀ (ਨੇੜੇ ਚੱਕ ਝੰਡੂ, ਜਲੰਧਰ) ਭਾ: ਅਵਤਾਰ ਸਿੰਘ, ਰੈਣ ਸਬਾਈ ਕੀਰਤਨ, 1 ਜਨਵਰੀ 94**

## ਅਖੰਡ ਕੀਰਤਨੀ ਜਥਾ ਯੂ. ਕੇ, ਵਲੋਂ ਗੁਰਮਤਿ ਸਮਾਗਮ

(1) 11-12-93 ਕੀਰਤਨ ਰੈਣ ਸਬਾਈ, ਗੁ: ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ ਵਿਖੇ
ਫ਼ੋਨ : ਗੁਰਦਵਾਰਾ 081-574-8901, ਭਾ: ਸਤਨਾਮ ਸਿੰਘ 081-571-4690

(2) 17 ਸ਼ਾਮ ਤੋਂ 19 ਸ਼ਾਮ ਦਸੰਬਰ ਸ਼ਹੀਦਾਂ ਨਮਿਤ ਸ੍ਰੀ ਅਖੰਡਪਾਠ, ਗੁਰਦਵਾਰਾ 96-98 ਨਿਊ ਸਟਰੀਟ, ਲਮਿੰਗਟਨ ਸਪਾ, ਫੋਨ ਗੁਰਦਵਾਰਾ 0926-424297, ਭਾ. ਰਘਬੀਰ ਸਿੰਘ ਜਰਨੈਲ ਸਿੰਘ 0926-330008

(3) 31 ਦਸੰਬਰ ਤੋਂ 2 ਜਨਵਰੀ 94 ਭਾ: ਗੁਰਮੇਜ ਸਿੰਘ ਗਿਲ,8-*Caris Brook Rd.B-17-8 N.W. Edgevaston, Birmingham U.K.* ਫ਼ੋਨ 021-420-4015

ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-267900)
*Bhai Gurnam Singh, 10-Lambourne Gardens, Earley, Reading, Berk U.K.*

ਮਨੀਆਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ—

**ਸੂਰਾ ਮੰਥਲੀ, 390 ਦਸਮੇਸ਼ ਕਲ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ—143006**

www.AKJ.Org